ਸਥਾਪਤ 1903

ੴ ਸਤਿਗੁਰ ਪ੍ਰਸਾਦਿ ॥

ਚੀਫ਼ ਖ਼ਾਲਸਾ ਦੀਵਾਨ ਦਾ ਪ੍ਰਤੀਨਿਧ ਪੱਤਰ



# ਖ਼ਾਲਸਾ ਐਡਵੋਕੇਟ



ਸੰਸਥਾਪਕ: ਭਾਈ ਸਾਹਿਬ ਭਾਈ ਵੀਰ ਸਿੰਘ

ਜਿਲਦ : 118 | ਅੰਕ : 102 | ਫਰਵਰੀ 2022 | ਭੇਟਾ - 10/- ਰੁਪੈ

## ਦੀਵਾਨ ਵਲੋਂ 5 ਹੋਰ ਨਵੇਂ ਸਕੂਲ ਖੋਹਲਣ ਦਾ ਫੈਸਲਾ

## ਚੀਫ਼ ਖ਼ਾਲਸਾ ਦੀਵਾਨ ਵਲੋਂ ਸਿੱਖ ਫੌਜੀ ਅਫ਼ਸਰ ਬਣਾਉਣ ਲਈ ਉਪਰਾਲੇ ਕੀਤੇ ਜਾਣ ਲੱਗੇ

## ਦੀਵਾਨ ਦੇ ਸਕੂਲ ਵਿਚ ਐਨ.ਡੀ.ਏ ਦੀਆਂ ਕਲਾਸਾਂ ਸ਼ੁਰੂ ਹੋਣਗੀਆਂ- ਨਿਰਮਲ ਸਿੰਘ









ਚੀਫ਼ ਖ਼ਾਲਸਾ ਦੀਵਾਨ ਵਲੋਂ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪਹਿਲਾਂ ਦੀਵਾਨ ਦੀ ਕਾਰਜ ਸਾਧਕ ਕਮੇਟੀ ਅਤੇ ਫਿਰ ਜਨਰਲ ਹਾਊਸ ਦੀ ਮੀਟਿੰਗ ਕੀਤੀ ਗਈ। ਅਰਦਾਸ ਉਪਰੰਤ ਇਕੱਤਰਤਾ ਵਿਚ ਸਭ ਤੋਂ ਪਹਿਲਾਂ ਅਕਾਲ ਚਲਾਣਾ ਕਰ ਚੁੱਕੇ ਚੀਫ਼ ਖ਼ਾਲਸਾ ਦੀਵਾਨ ਦੇ ਮੈਂਬਰਜ਼ ਕਰਨਲ ਸ੍ਰ.ਨਰਸ਼ੇਰ ਸਿੰਘ ਅਤੇ ਹੱਡੀਆਂ ਦੇ ਵਿਸ਼ਵ ਪ੍ਰਸਿੱਧ ਮਾਹਰ ਸਰਜਨ ਡਾ.ਹਰਦਾਸ ਸਿੰਘ ਦੇ ਅਕਾਲ ਚਲਾਣੇ ਕਰ ਜਾਣ ਦੇ ਸ਼ੋਕ ਮਤੇ ਪੜ੍ਹੇ ਗਏ ਅਤੇ ਉਹਨਾਂ ਦੀਆਂ ਚੀਫ਼ ਖ਼ਾਲਸਾ ਦੀਵਾਨ ਪ੍ਰਤੀ ਨਿਭਾਈਆਂ ਸੇਵਾਵਾਂ ਨੂੰ ਯਾਦ ਕਰਦਿਆਂ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਸਮੂਹ ਮੈਂਬਰ ਸਾਹਿਬਾਨ ਵਲੋਂ ਸੰਗਤੀ ਰੂਪ ਵਿਚ 5 ਵਾਰ ਮੂਲਮੰਤਰ ਦੇ ਜਾਪ ਕੀਤੇ ਗਏ।

ਮੀਟਿੰਗ ਦੌਰਾਨ ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ ਵਲੋਂ ਪੜ੍ਹੇ ਗਏ ਏਜੰਡੇ ਤਹਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਕੇ.ਡੀ ਸਕੂਲ ਆਫ ਐਕਸੀਲੈਂਸ, ਸ਼ੁਭਮਇਨਕਲੇਵ ਵਿਖੇ ਐਜੂਕੇਸ਼ਨਲ ਕਮੇਟੀ ਦੇ ਸਹਿਯੋਗ ਨਾਲ ਐਨ.ਡੀ.ਏ ਦੀਆਂ ਕਲਾਸਾਂ ਸ਼ੁਰੂ ਕਰਨ ਸੰਬੰਧੀ ਪੰਜ ਮੈਂਬਰੀ ਕਮੇਟੀ ਦੇ ਗਠਨ ਦੀ ਪ੍ਰਵਾਨਗੀ ਲਈ ਗਈ। ਇਸ ਮੌਕੇ ਪ੍ਰਧਾਨ ਸ੍ਰ.ਨਿਰਮਲ ਸਿੰਘ ਨੇ ਸੀ.ਕੇ.ਡੀ ਸਕੂਲਾਂ ਦੇ ਚੱਲ ਰਹੇ ਵਿਕਾਸ ਕਾਰਜਾਂ ਤੇ ਰੋਸ਼ਨੀ ਪਾਉਂਦਿਆਂ ਸਮੂਹ ਮੈਂਬਰ ਇੰਚਾਰਜ਼ ਨੂੰ ਅਦਾਰਿਆਂ ਦੇ ਆਰਥਿਕ ਅਤੇ ਅਕਾਦਮਿਕ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਆਪਣਾ ਹਫ਼ਤਾਵਾਰ ਨਿਸ਼ਚਿਤ ਸਮਾਂ ਦੇਣ ਨੂੰ ਯਕੀਨੀ ਬਣਾਉਣ ਦੀ ਬੇਨਤੀ ਕੀਤੀ। ਉਹਨਾਂ ਦੋ ਸਾਲਾਂ ਦੇ ਅੰਦਰ ਚੀਫ਼ ਖ਼ਾਲਸਾ ਦੀਵਾਨ ਅਧੀਨ ਪੰਜ ਹੋਰ ਨਵੇਂ ਸਕੂਲ ਖੋਲਣ ਦੀ ਤਜਵੀਜ਼ ਰੱਖੀ ਅਤੇ ਸਕੂਲ ਉਸਾਰੀ ਹਿੱਤ ਦਾਨੀ ਸੱਜਣਾਂ ਵੱਲੋਂ ਦਿੱਤੀ ਜਾ ਰਹੀ ਜ਼ਮੀਨਾਂ ਦੇ ਸਰਵੇਖਣ ਲਈ ਪੰਜ ਮੈਂਬਰੀ ਕਮੇਟੀ ਦੇ ਗਠਨ ਦਾ ਫੈਸਲਾ ਲਿਆ ਗਿਆ। ਇਸ ਮੌਕੇ ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ ਨੇ ਚੀਫ਼ ਖ਼ਾਲਸਾ ਦੀਵਾਨ ਸਕੂਲਾਂ ਦੇ ਵਿਦਿਅਕ ਪੱਧਰ ਨੂੰ ਗਲੋਬਲ ਲੈਵਲ ਤੱਕ ਲੈ ਕੇ ਜਾਣ ਲਈ ਠੋਸ ਯਤਨ ਕਰਨ ਦੀ ਲੋੜ ਤੇ ਜ਼ੋਰ ਦਿੱਤਾ। ਮੀਟਿੰਗ ਦੌਰਾਨ ਚੀਫ਼ ਖ਼ਾਲਸਾ ਦੀਵਾਨ ਜਾਇਦਾਦ ਕਮੇਟੀ ਦੇ ਮੈਂਬਰਾਂ ਨੇ ਧਰਮਸ਼ਾਲਾ ਅਤੇ ਕਾਂਗੜਾ ਵਿਖੇ ਚੀਫ਼ ਖ਼ਾਲਸਾ ਦੀਵਾਨ ਦੀਆਂ ਜਾਇਦਾਦਾਂ ਦੀ ਸਰਵੇਖਣ ਰਿਪੋਰਟ ਪੇਸ਼ ਕੀਤੀ। ਉਪਰੰਤ ਸੱਗੂ ਬਿਲਡਿੰਗ, ਜਿਥੇਂ ਪਹਿਲਾਂ ਚੀਫ਼ ਖ਼ਾਲਸਾ ਦੀਵਾਨ ਦਾ ਹਸਪਤਾਲ ਸਥਾਪਿਤ ਸੀ ਦੀ ਖਾਲੀ ਹੋਈ ਇਮਾਰਤ ਨੂੰ ਵਰਤੋਂ ਵਿਚ ਲਿਆਉਣ ਸੰਬੰਧੀ ਵਿਚਾਰਾਂ ਸਾਂਝੀਆਂ ਕੀਤੀਆਂ ਗਈਆਂ। ਮੀਟਿੰਗ ਦੋਰਾਨ ਚੀਫ਼ ਖ਼ਾਲਸਾ ਦੀਵਾਨ ਅਧੀਨ ਚੱਲ ਰਹੇ ਚਾਰ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਜਿਥੇ ਸੋਲਰ ਸਿਸਟਮ ਲਗਾਏ ਗਏ ਹਨ, ਦੀ ਆਰਥਿਕ ਬੱਚਤ ਦੇ ਨਾਲ-ਨਾਲ ਹੋਰਨਾਂ ਲਾਭਾਂ ਬਾਬਤ ਵਿਸਥਾਪੂਰਵਕ ਚਰਚਾ ਕਰਦਿਆਂ ਸਮੂਹ ਸੀ.ਕੇ.ਡੀ ਸਕੂਲਾਂ ਵਿਚ ਵੀ ਸੋਲਰ ਸਿਸਟਮ ਲਗਵਾਉਣ ਦਾ ਨਿਰਣਾ ਲਿਆ ਗਿਆ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਸਾਬਕਾ ਮੈਂਬਰਜ਼ ਸ੍ਰ.ਅਵਤਾਰ ਸਿੰਘ ਅਤੇ ਸ੍ਰ.ਸਤਨਾਮ ਸਿੰਘ ਮੁੰਬਈ ਨੂੰ ਦੁਬਾਰਾ ਚੀਫ਼ ਖ਼ਾਲਸਾ ਦੀਵਾਨ ਮੈਂਬਰ ਲੈਣ ਲਈ ਸਹਿਮਤੀ ਪ੍ਰਗਟਾਈ ਗਈ।

ਅੰਤ ਪ੍ਰਧਾਨ ਸ੍ਰ.ਨਿਰਮਲ ਸਿੰਘ ਨੇ ਚੀਫ਼ ਖ਼ਾਲਸਾ ਦੀਵਾਨ ਦੇ ਸਮੂਹ ਮੈਂਬਰ ਸਾਹਿਬਾਨ ਨੂੰ ਸਿੱਖ ਪੰਥ ਦੀ ਸਿਰਮੌਰ ਸੰਸਥਾ ਚੀਫ਼ ਖ਼ਾਲਸਾ ਦੀਵਾਨ ਦੀ ਮਾਣ-ਮਰਿਆਦਾ ਕਾਇਮ ਰੱਖਦਿਆਂ ਵਿਰੋਧਤਾਂ ਛੱਡ ਕੇ ਇਕ ਜੁੱਟ ਹੋ ਕੇ ਚੀਫ਼ ਖ਼ਾਲਸਾ ਦੀਵਾਨ ਦੀ ਚੜ੍ਹਦੀ ਕਲਾ ਲਈ ਕੰਮ ਕਰਨ ਲਈ ਪ੍ਰੇਰਿਤ ਕੀਤਾ।

ਮੀਟਿੰਗ ਵਿਚ ਪ੍ਰਧਾਨ ਸ੍ਰ.ਨਿਰਮਲ ਸਿੰਘ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਐਜੂਕੇਸ਼ਨਲ ਕਮੇਟੀ ਦੇ ਆਨਰੇਰੀ ਸਕੱਤਰ ਡਾ.ਸਰਬਜੀਤ ਸਿੰਘ ਛੀਨਾ, ਸ੍ਰ.ਜਸਪਾਲ ਸਿੰਘ ਢਿੱਲੋਂ ਐਡੀਸ਼ਨਲ ਸਕੱਤਰ, ਸ੍ਰ.ਹਰਜੀਤ ਸਿੰਘ ਐਡੀਸ਼ਨਲ ਆਨਰੇਰੀ ਸਕੱਤਰ (ਤਰਨਤਾਰਨ), ਸ੍ਰ.ਸੰਤੋਖ ਸਿੰਘ ਸੇਠੀ ਐਡੀਸ਼ਨਲ ਆਨਰੇਰੀ ਸਕੱਤਰ ਐਜੂਕੇਸ਼ਨ ਕਮੇਟੀ, ਸ੍ਰ.ਹਰਨੀਤ ਸਿੰਘ, ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਪ੍ਰੋ.ਵਰਿਆਮ ਸਿੰਘ, ਬੀਬੀ ਕਿਰਨਜੋਤ ਕੌਰ, ਪ੍ਰੋ.ਹਰੀ ਸਿੰਘ, ਸ੍ਰ.ਮਨਮੋਹਨ ਸਿੰਘ, ਪ੍ਰੋ.ਸੂਬਾ ਸਿੰਘ, ਸ੍ਰ.ਨਰਿੰਦਰ ਸਿੰਘ ਖੁਰਾਣਾ, ਸ੍ਰ.ਜਸਪਾਲ ਸਿੰਘ ਪੀ.ਸੀ.ਐਸ, ਸ੍ਰ.ਅਜਾਇਬ ਸਿੰਘ ਅਭਿਆਸੀ, ਸ੍ਰ. ਪ੍ਰਦੀਪ ਸਿੰਘ ਵਾਲੀਆ, ਆਦਿ 100 ਮੈਂਬਰਜ਼ ਸਾਹਿਬਾਨ ਹਾਜ਼ਰ ਸਨ।

# -ਸਫਲ ਸਫਲ ਭਈ ਸਫਲ ਜਾਤ੍ਰਾ।।
## -ਰੂਹਾਨੀ ਸ਼ਖ਼ਸ਼ੀਅਤ ਬਾਬਾ ਇਕਬਾਲ ਸਿੰਘ ਜੀ ਨੂੰ ਦੀਵਾਨ ਵਲੋਂ ਭਾਵ-ਭਿੰਨੀ ਸ਼ਰਧਾਂਜਲੀ
## -ਬਾਬਾ ਇਕਬਾਲ ਸਿੰਘ ਜੀ, ਸਿੱਖਿਆ ਅਤੇ ਮਾਨਵਤਾ ਦੇ ਚਾਨਣ ਮੁਨਾਰੇ ਸਨ-ਨਿਰਮਲ ਸਿੰਘ



ਕਲਗੀਧਰ ਬੜੂ ਸਾਹਿਬ ਟਰਸਟ ਦੇ ਬਾਨੀ ਚੇਅਰਮੈਨ ਇੰਟਰਨਲ ਯੂਨੀਵਰਸਿਟੀ ਬੜੂ ਸਾਹਿਬ ਅਤੇ ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਪ੍ਰਥਮ ਚਾਂਸਲਰ ਪੰਥ ਰਤਨ ਅਤੇ ਪਦਮ ਸ੍ਰੀ ਵਰਗੀਆਂ ਪਦਵੀਆਂ ਨਾਲ ਸਨਮਾਨਤ ਸੰਤ ਬਾਬਾ ਇਕਬਾਲ ਸਿੰਘ ਜੀ ਬੇਸ਼ਕ 96 ਸਾਲ ਦੀ ਉਮਰ ਭੋਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ ਪਰ ਵਿੱਦਿਆ ਮਾਰਤੰਡ ਵਜੋਂ ਉਨ੍ਹਾਂ ਵਲੋਂ ਸਿੱਖੀ, ਸਿੱਖਿਆ ਅਤੇ ਮਾਨਵ ਜੀਵਨ ਨੂੰ ਸਫਲ ਬਣਾਉਣ ਲਈ ਕੀਤੀ ਸਮਾਜ ਸੇਵਾ ਉਨ੍ਹਾਂ ਦੀ ਜੀਵਨ ਜਾਤ੍ਰਾ ਨੂੰ ਸਫਲ ਬਣਾ ਗਈ ਹੈ। ਪੇਂਡੂ ਖੇਤਰ ਵਿਚ 129 ਅਕਾਲ ਅਕੈਡਮੀਆਂ ਸਥਾਪਤ ਕਰਕੇ ਵਿਦਿਅਕ ਗਿਆਨ ਦਾ ਦੀਵਾ ਬਾਲ ਕੇ ਅੰਗ੍ਰੇਜ਼ੀ ਮਾਧਿਅਮ ਵਾਲੇ ਸੀ.ਬੀ.ਐਸ.ਈ.ਬੋਰਡ ਨਾਲ ਮਾਨਤਾ ਪ੍ਰਾਪਤ ਕਰਕੇ ਬਹੁਤ ਹੀ ਘਟ ਫੀਸਾਂ ਨਾਲ ਬੱਚਿਆਂ ਨੂੰ ਗਿਆਨਵਾਨ ਬਣਾਉਣਾ, ਚੈਰੀਟੇਬਲ ਹਸਪਤਾਲ, ਮੈਡੀਕਲ ਤੇ ਇੰਜਨੀਅਰਿੰਗ ਕਾਲਜ, ਨਸ਼ਾ ਛੁਡਾਊ ਤੇ ਨਾਰੀ ਭਲਾਈ ਕੇਂਦਰ ਆਦਿ ਸਥਾਪਤ ਕਰਕੇ ਸੰਤ ਬਾਬਾ ਇਕਬਾਲ ਸਿੰਘ ਜੀ ਦੀ ਅਜਿਹੀ ਸੁਚੀ ਘਾਲ ਕਮਾਈ ਸੀ ਜੋ ਸਮੁੱਚੀ ਮਾਨਵਤਾ ਲਈ ਸਦੀਵਕਾਲ ਚਾਨਣਮੁਨਾਰਾ ਬਣ ਕੇ ਮਾਰਗ ਦਰਸ਼ਨ ਕਰਦੀ ਰਹੇਗੀ।

ਸੰਤ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਅਤੇ ਸੰਤ ਤੇ ਜਾ ਸਿੰਘ ਜੀ ਚੀਮੇ ਵਾਲੇ ਆਪ ਜੀ ਦੇ ਪ੍ਰੇਰਨਾ ਸ੍ਰੋਤ ਸਨ। ਏਸੇ ਲਈ 12 ਸਾਲ ਦੀ ਉਮਰ ਵਿਚ ਹੀ ਮਾਨਵ-ਸੇਵਾ ਕਰਨ ਦਾ ਆਪ ਜੀ ਨੇ ਨਿਸਚਾ ਧਾਰ ਲਿਆ। ਹਿਮਾਚਲ ਸਰਕਾਰ ਵਿਚ ਬਾਬਾ ਜੀ ਡਾਇਰੈਕਟਰ ਖੇਤੀਬਾੜੀ ਦੇ ਅਹੁਦੇ ਤੋਂ ਰੀਟਾਇਰ ਹੋ ਕੇ ਸੰਤ ਤੇ ਜਾ ਸਿੰਘ ਜੀ ਦੀ ਅਗਵਾਈ ਹੇਠ ਮਾਨਵ-ਸੇਵਾ ਦੀ ਯਾਤਰਾ ਆਰੰਭ ਕਰ ਦਿੱਤੀ ਜੋ ਆਪ ਜੀ ਨੇ ਅੰਤਮ ਸੁਆਸਾਂ ਤਕ ਨਿਭਾਈ।

ਮੈਂ ਬਾਬਾ ਇਕਬਾਲ ਸਿੰਘ ਜੀ ਦੀ ਚਰਨ-ਛੁਹ ਪਹਿਲੀ ਵਾਰ 2002 ਵਿਚ ਡਾ.ਖੇਮ ਸਿੰਘ ਜੀ ਗਿਲ ਸਾਬਕਾ ਕੁਲਪਤੀ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਨਿਵਾਸ ਅਸਥਾਨ ਤੇ ਪ੍ਰਾਪਤ ਕੀਤੀ। ਉਪਰੰਤ ਸਾਲ 2008, 2009, 2010 ਵਿਚ ਬੜੂ ਸਾਹਿਬ ਪੁਜ ਕੇ ਆਪ ਜੀ ਦੇ ਦਰਸ਼ਨ ਕੀਤੇ ਅਤੇ ਮਾਨ ਸਨਮਾਨ ਵੀ ਪ੍ਰਾਪਤ ਕੀਤਾ ਕਿਉਂਕਿ ਉਨ੍ਹਾਂ ਦਿਨਾਂ ਵਿਚ ਸ਼੍ਰੋਮਣੀ ਕਮੇਟੀ ਵਲੋਂ ਚਲਾਏ ਜਾ ਰਹੇ ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ ਲਈ ਮੈਂ ਪੀ.ਸੀ.ਪੀ ਲਾਉਣ ਜਾਇਆ ਕਰਦਾ ਸੀ ਅਤੇ ਇਨ੍ਹਾਂ ਤੋਂ ਆਖਰੀ ਅਸੀਸ 2016 ਵਿਚ ਐਗਰੀਕਲਚਰ ਯੂਨੀਵਰਸਿਟੀ ਲੁਧਿਆਣੇ ਪ੍ਰਾਪਤ ਕੀਤੀ ਜਿਥੇ ਆਪ ਜੀ ਦਸ਼ਮੇਸ਼ ਪਿਤਾ ਦੇ 350 ਸਾਲਾ ਪ੍ਰਕਾਸ਼ ਦਿਵਸ ਨੂੰ ਸਮਰਪਿਤ ਸੈਮੀਨਾਰ ਵਿਚ ਬਤੌਰ ਮੁਖ ਮਹਿਮਾਨ ਪੁਜੇ ਸਨ।

**ਸੰਦੇਸ਼:-** ਸੰਤ ਬਾਬਾ ਇਕਬਾਲ ਸਿੰਘ ਜੀ ਦੀ ਰੂਹਾਨੀ ਸ਼ਖ਼ਸ਼ੀਅਤ ਨੂੰ ਭਾਵ-ਭਿੰਨੀ ਸ਼ਰਧਾਂਜਲੀ ਅਰਪਨ ਕਰਦਿਆਂ ਚੀਫ਼ ਖ਼ਾਲਸਾ ਦੀਵਾਨ ਨੇ ਜੋ ਸੰਦੇਸ਼ ਭੇਜਿਆ ਉਹ ਇਸ ਪ੍ਰਕਾਰ ਹੈ:-

ਸਿੱਖੀ-ਸਿੱਖਿਆ ਅਤੇ ਸੇਵਾ ਸਿਮਰਨ ਦੇ ਖੇਤਰ ਵਿਚ ਸਥਾਪਿਤ ਮਹਾਨ ਰੂਹਾਨੀ ਸਖ਼ਸ਼ੀਅਤ ਸੰਤ ਬਾਬਾ ਇਕਬਾਲ ਸਿੰਘ ਜੀ ਬੜੂ ਸਾਹਿਬ ਵਾਲਿਆਂ ਦਾ ਪਿਛਲੇ ਦਿਨੀ 29-1-2022 ਨੂੰ ਅਕਾਲ ਚਲਾਣਾ, ਸਮੁੱਚੇ ਵਿਸ਼ਵ ਸਮਾਜ ਲਈ ਬਹੁਤ ਹੀ ਦੁੱਖਦਾਈ ਖ਼ਬਰ ਸੀ ਜੋ ਗੁਰਬਾਣੀ ਦੇ **"ਘਲੇ ਆਵੇ ਨਾਨਕਾ ਸਦੇ ਉਠ ਜਾਏ"** ਦੇ ਮਹਾਂ ਵਾਕ ਅਨੁਸਾਰ 96 ਸਾਲ ਦੀ ਉਮਰ ਭੋਗ ਕੇ ਸਾਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਸੰਤ ਬਾਬਾ ਇਕਬਾਲ ਸਿੰਘ ਜੀ ਨੇ ਇਕ ਕੱਚੇ ਕੋਠੇ ਤੋਂ ਕਲਗੀਧਰ ਟਰੱਸਟ ਬੜੂ ਸਾਹਿਬ ਦੀ ਆਲੀਸ਼ਾਨ ਉਸਾਰੀ ਕਰਨ ਸਮੇਂ ਆਪਣਾ ਤਨ, ਮਨ, ਧਨ ਅਰਪਨ ਕਰ ਦਿੱਤਾ ਸੀ। ਆਪ ਜੀ ਕਲਗੀਧਰ ਬੜੂ ਸਾਹਿਬ ਟਰੱਸਟ ਦੇ ਫਾਊਂਡਰ ਚੇਅਰਮੈਨ ਸਨ। ਆਪ ਜੀ ਵਿਦਿਅਕ ਖੇਤਰ ਵਿਚ ਵੀ ਵਡੇਰੀਆਂ ਪ੍ਰਾਪਤੀਆਂ ਕਰਨ ਵਾਲੇ ਸਨ ਜਿੰਨਾਂ ਨੇ ਕੇਵਲ 23 ਸਾਲ ਦੀ ਉਮਰ ਵਿਚ ਖ਼ਾਲਸਾ ਕਾਲਜ ਤੋਂ ਐਮ.ਏ ਗੋਲਡ ਮੈਡਲ ਪ੍ਰਾਪਤ ਕਰਦਿਆਂ ਹਾਸਲ ਕੀਤੀ ਸੀ। ਆਪ ਜੀ ਕੈਮਬਰੇਜ ਯੂਨੀਵਰਸਿਟੀ ਅਮਰੀਕਾ ਵਿਚ 29 ਸਾਲ ਦੀ ਉਮਰ ਵਿਚ ਬਣਨ ਵਾਲੇ ਪਹਿਲੇ ਪਗੜੀਧਾਰੀ ਸਿੱਖ ਵਿਦਿਆਰਥੀ ਸਨ ਅਤੇ ਆਪ ਨੇ 34 ਸਾਲ ਦੀ ਉਮਰ ਵਿਚ ਹਾਵਰਡ ਯੂਨੀਵਰਸਿਟੀ ਅਮਰੀਕਾ ਤੋਂ ਸਿੱਖੀ ਸਰੂਪ ਵਿਚ ਗਰੈਜੂਏਸ਼ਨ ਪ੍ਰਾਪਤ ਕੀਤੀ ਅਤੇ 42 ਸਾਲ ਦੀ ਉਮਰ ਵਿਚ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਪਹਿਲੇ ਪ੍ਰਿੰਸੀਪਲ ਬਣੇ। ਦੇਸ਼ਾਂ-ਵਿਦੇਸ਼ਾਂ ਵਿਚ ਸਿੱਖੀ-ਸਿੱਖਿਆ ਦੇ ਪ੍ਰਚਾਰ ਨੂੰ ਪ੍ਰਸਾਰਨ ਲਈ ਆਪ ਜੀ ਨੇ ਗਰੀਬ ਅਤੇ ਲੋੜਵੰਦ ਬੱਚਿਆਂ ਲਈ 129 ਵਿਦਿਅਕ ਸੰਸਥਾਵਾਂ ਸਥਾਪਿਤ ਕੀਤੀਆਂ। ਇਸਦੇ ਨਾਲ ਹੀ ਵੂਮੈਨ ਕੇਅਰ ਸੈਂਟਰ, ਕਾਲਜ, ਹਸਪਤਾਲ, ਨੱਸ਼ਾ ਛੁਡਾਊ ਸੈਂਟਰ ਖੋਲੇ ਅਤੇ ਉੱਚ ਵਿਦਿਅਕ ਸਿੱਖਿਆ ਲਈ ਬੜੂ ਸਾਹਿਬ ਵਿਚ ਮੈਡੀਕਲ ਅਤੇ ਇੰਜੀਨੀਅਰ ਕਾਲਜ ਖੋਲਣ ਦੇ ਨਾਲ-ਨਾਲ ਉਥੇ ਯੂਨੀਵਰਸਿਟੀ ਵੀ ਸਥਾਪਿਤ ਕਰ ਦਿੱਤੀ।

ਆਪ ਜੀ ਵੱਲੋਂ ਸਿੱਖੀ-ਸਿੱਖਿਆਂ ਦੇ ਖੇਤਰ ਵਿਚ ਨਿਭਾਈਆਂ ਗਈਆਂ ਸੇਵਾਵਾਂ ਦੀ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ੍ਰ.ਨਿਰਮਲ ਸਿੰਘ ਸਮੂਹ ਅਹੁਦੇਦਾਰ ਅਤੇ ਮੈਂਬਰ ਸਾਹਿਬਾਨ ਨੇ ਭਰਪੂਰ ਪ੍ਰਸ਼ੰਸਾ ਕਰਦਿਆਂ ਉਹਨਾਂ ਦੇ ਅਕਾਲ ਚਲਾਣੇ, ਤੇ ਡੂੰਘੇ ਦੁੱਖ ਦਾ ਇਜਹਾਰ ਕਰਦਿਆਂ ਅਧਿਆਤਮਕ ਸਖ਼ਸ਼ੀਅਤ ਬਾਬਾ ਇਕਬਾਲ ਸਿੰਘ ਜੀ ਦੇ ਅਕਾਲ ਚਲਾਣੇ ਨੂੰ ਸਮੁੱਚੇ ਵਿਸ਼ਵ ਮਾਨਵ ਸਮਾਜ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ ਅਤੇ ਅਕਾਲ ਪੁਰਖ ਦੇ ਚਰਨਾਂ ਵਿਚ ਬਾਬਾ ਇਕਬਾਲ ਸਿੰਘ ਜੀ ਦੀ ਰੂਹਾਨੀਅਤ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਅਤੇ ਸਮੁੱਚੀ ਪੰਥ ਪਰਸਤ ਕੌਮ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ ਲਈ ਅਰਦਾਸ ਕੀਤੀ।



# ਸੰਪਾਦਕੀ

## ਸਿੱਖ ਅਫਸ਼ਰਾਂ ਦੀ ਘਾਟ : ਸਿੱਖ ਸੰਸਥਾਵਾਂ ਨੂੰ ਸੁਚੇਤ ਹੋਣ ਦੀ ਲੋੜ

ਗੁਰੂ ਨਾਨਕ ਪਾਤਸ਼ਾਹ ਵਲੋਂ ਆਰੰਭੇ ਸਿੱਖ ਧਰਮ ਦਾ ਮੂਲ-ਆਧਾਰ ਚੰਗੇ ਮਾਨਵ-ਸਮਾਜ ਦੀ ਸਿਰਜਨਾ ਹਿੱਤ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਨਿਰਧਾਰਤ ਕੀਤਾ ਗਿਆ ਅਤੇ ਨਾਲ ਹੀ ਹੱਕ ਸੱਚ ਦਾ ਪਾਂਧੀ ਬਣਨ ਲਈ **'ਸਿਰ ਧਰ ਤਲੀ ਗਲੀ ਮੇਰੀ ਆਉ'** ਦਾ ਸਿਧਾਂਤ ਸਿਰਜਿਆ। ਗੁਰੂ ਨਾਨਕ ਨਾਮ ਲੇਵਾ ਸ਼ਰਧਾਲੂਆਂ ਇਸ ਦੀ ਪਾਲਣਾ ਤਨ, ਮਨ, ਧਨ ਨਾਲ ਕਾਫ਼ੀ ਲੰਬੇ ਸਮੇਂ ਤੋਂ ਨਿਰੰਤਰ ਕਰਦੇ ਆ ਰਹੇ ਹਨ ਜਿਸ ਕਰਕੇ ਉਹ ਵਿਸ਼ਵ ਭਰ ਵਿਚ ਸਤਿਕਾਰੇ ਤੇ ਪਿਆਰੇ ਜਾਂਦੇ ਹਨ ਵਿਸ਼ੇਸ਼ ਤੌਰ ਤੇ ਲੰਗਰ ਦੀ ਪਰੰਪਰਾ ਵਜੋਂ। ਪਰ ਵਿਦਿਅਕ ਖੇਤਰ ਵਿਚ ਇਹ ਆਪਣੀ ਚੜਤ ਕਾਇਮ ਰਖਣ ਤੋਂ ਪਛੜ ਰਹੇ ਲਗਦੇ ਹਨ। ਕੋਈ ਸਮਾਂ ਸੀ ਕਿ ਸਿੱਖ ਸੰਸਥਾਵਾਂ ਤੋਂ ਪ੍ਰਾਪਤ ਉਚੇਰੀ ਤੇ ਮਿਆਰੀ ਵਿਦਿਆ ਦੇ ਫਲਸਰੂਪ ਦੇਸ਼ ਭਰ ਵਿਚ ਪ੍ਰਸ਼ਾਸਨਿਕ, ਖੇਡਾਂ ਅਤੇ ਖਾਸ ਤੌਰ ਤੇ ਫੌਜ ਵਿਚ ਸਿੱਖ ਅਫ਼ਸਰਾਂ ਤੇ ਖਿਡਾਰੀਆਂ ਦਾ ਬੋਲਬਾਲਾ ਹੁੰਦਾ ਸੀ ਪਰ ਇਹ ਆਨ ਤੇ ਸ਼ਾਨ ਹੁਣ ਨਜ਼ਰ ਨਹੀਂ ਆਉਂਦੀ।

ਏਹੋ ਕਾਰਨ ਹੈ ਕਿ ਪਿਛਲੇ ਦਿਨੀ ਚੀਫ਼ ਖ਼ਾਲਸਾ ਦੀਵਾਨ ਵਲੋਂ ਭਾਈ ਵੀਰ ਜੀ ਦੇ ਮਨਾਏ 149ਵੇਂ ਜਨਮ ਦਿਵਸ ਸਮੇਂ ਪਦਮ ਭੂਸ਼ਣ ਸ੍ਰ.ਤਰਲੋਚਨ ਸਿੰਘ ਜੀ ਨੇ ਸਿੱਖ ਸੰਸਥਾਵਾਂ ਨੂੰ ਆਪਣੀਆਂ ਵਿਦਿਅਕ ਸੰਸਥਾਵਾਂ ਵਿਚਲਾ ਵਿੱਦਿਆ ਦਾ ਮਿਆਰੀ ਕਰਨ ਸਮਕਾਲ ਦੀਆਂ ਲੋੜਾਂ ਸਨਮੁਖ ਅਜਿਹਾ ਬਣਾਉਣ ਤੇ ਕਰਨ ਲਈ ਸੁਚੇਤ ਕੀਤ ਸੀ ਤਾਂ ਜੋ ਏਥੋਂ ਪੜ੍ਹਨ ਵਾਲੇ ਵਿਦਿਆਰਥੀ ਉਚ ਪਦਵੀਆਂ ਪ੍ਰਾਪਤ ਕਰਨ ਦੇ ਯੋਗ ਬਣ ਸਕਣ ਜਿਸ ਦੀ ਅਜੋਕੇ ਸਮੇਂ ਘਾਟ ਮਹਿਸੂਸ ਹੋ ਰਹੀ ਹੈ।

ਚੀਫ਼ ਖ਼ਾਲਸਾ ਦੀਵਾਨ ਦੀ 22 ਜਨਵਰੀ ਨੂੰ ਹੋਈ ਜਨਰਲ ਬਾਡੀ ਦੀ ਮੀਟਿੰਗ ਵਿਚ ਇਸ ਪਾਸੇ ਉਚੇਚਾ ਧਿਆਨ ਕੇਂਦਰਿਤ ਕਰਦਿਆਂ ਦੀਵਾਨ ਦੇ ਪ੍ਰਧਾਨ ਸ੍ਰ.ਨਿਰਮਲ ਸਿੰਘ ਨੇ ਜਾਣਕਾਰੀ ਦਿੱਤੀ ਕਿ ਦੀਵਾਨ ਫੌਜ ਵਿਚ ਸਿੱਖ ਅਫ਼ਸਰ ਬਣਨ ਦੇ ਚਾਹਵਾਨਾਂ ਲਈ ਜਲਦੀ ਹੀ ਐਨ.ਡੀ.ਏ ਦੀਆਂ ਕਲਾਸਾਂ ਸ਼ੁਰੂ ਕਰ ਰਿਹਾ ਹੈ ਅਤੇ ਅਜਿਹਾ ਕਰਨ ਲਈ ਉਚ ਫੌਜੀ ਅਫ਼ਸਰਾਂ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਜਾਂ ਰਹੀਆਂ ਹਨ। ਦੀਵਾਨ ਵਲੋਂ ਪ੍ਰਧਾਨ ਸ੍ਰ.ਨਿਰਮਲ ਸਿੰਘ ਦੀ ਟੀਮ ਦੀ ਅਗਵਾਈ ਹੇਠ ਕੀਤਾ ਗਿਆ ਇਹ ਉਪਰਾਲਾ ਬਹੁਤ ਹੀ ਸ਼ਲਾਘਾ ਯੋਗ ਹੈ ਅਤੇ ਆਸ ਕੀਤੀ ਜਾ ਸਕਦੀ ਹੈ ਕਿ ਦੀਵਾਨ ਪੀ.ਸੀ.ਐਸ, ਆਈ.ਏ.ਐਸ, ਟੈਕਨਾਲੋਜੀ ਆਦਿ ਦੇ ਖੇਤਰ ਵਿਚ ਵੀ ਜਲਦ ਹੀ ਅਜਿਹੇ ਲੋੜੀਂਦੇ ਕਦਮ ਪੁਟੇਗਾ ਤਾਂ ਜੋ ਸਿੱਖ ਨੌਜੁਆਨ ਵਿਦੇਸ਼ਾਂ ਦਾ ਰੁਖ ਕਰਨ ਦੀ ਥਾਂ ਆਪਣੇ ਦੇਸ਼ ਵਿਚ ਹੀ ਮਾਨ ਸਨਮਾਨ ਵਾਲੀਆਂ ਉਚ ਪਦਵੀਆਂ ਪ੍ਰਾਪਤ ਕਰਦਿਆਂ ਸਿੱਖੀ ਸਿੱਖਿਆ ਨੂੰ ਪ੍ਰਫੁਲਤ ਕਰਨ।

**ਡਾ. ਜਸਬੀਰ ਸਿੰਘ ਸਾਬਰ**
ਮੁੱਖ ਸੰਪਾਦਕ

ਸਰਪ੍ਰਸਤ : ਸ. ਨਿਰਮਲ ਸਿੰਘ, ਪ੍ਰਧਾਨ ਚੀਫ ਖਾਲਸਾ ਦੀਵਾਨ
ਸ. ਤਰਲੋਚਨ ਸਿੰਘ, ਸਾਬਕਾ ਚੇਅਰਮੈਨ ਘਟ ਗਿਣਤੀ ਕਮਿਸ਼ਨ ਭਾਰਤ ਸਰਕਾਰ

ਮੁੱਖ ਸੰਪਾਦਕ : ਡਾ. ਜਸਬੀਰ ਸਿੰਘ ਸਾਬਰ
9888460180
ਸਹਿ. ਸੰਪਾਦਕ: (ਖਬਰਨਾਮਾ) ਮਨਜੀਤ ਕੌਰ
ਪੀ. ਆਰ. ਓ.

ਸਲਾਹਕਾਰ :
ਸ. ਸਵਿੰਦਰ ਸਿੰਘ ਕੱਥੂਨੰਗਲ, ਪ੍ਰੋ. ਵਰਿਆਮ ਸਿੰਘ,
ਬੀਬੀ ਕਿਰਨਜੋਤ ਕੌਰ, ਸ. ਸੰਤੋਖ ਸਿੰਘ ਸੇਠੀ, ਸ. ਭਗਵੰਤਪਾਲ ਸਿੰਘ ਸੱਚਰ,
ਸ. ਸੁਖਜਿੰਦਰ ਸਿੰਘ ਪ੍ਰਿੰਸ, ਡਾ. ਧਰਮਵੀਰ ਸਿੰਘ।

ਪ੍ਰਕਾਸ਼ਕ
ਖ਼ਾਲਸਾ ਟ੍ਰੈਕਟ ਸੁਸਾਇਟੀ ਚੀਫ਼ ਖ਼ਾਲਸਾ ਦੀਵਾਨ
ਜੀ.ਟੀ. ਰੋਡ, ਅੰਮ੍ਰਿਤਸਰ - 143001
Ph.- 0183-2562253 • E-mail- ktsckd@gmail.com

ਪ੍ਰਿੰਟਰ: ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫੋਕਲ ਪੁਆਇੰਟ, ਅੰਮ੍ਰਿਤਸਰ
E-mail- printwellasr@gmail.com

## ਭਾਈ ਸਾਹਿਬ ਭਾਈ ਵੀਰ ਸਿੰਘ ਦੀ ਕਲਮ ਤੋਂ

# ਹਸਦ

ਫੁੱਲ ਅਸੀਂ ਸਾਂ ਸੁਹਲ ਤੇ ਪਯਾਰ ਵਾਲੇ,
ਹਸਦ ਵਾਲਿਆਂ ਨੂੰ ਰੜਕੇ ਖਾਰ ਵਾਂਙੂ,
ਅਸਾਂ ਚਿਤਵਿਆ ਨਾ ਮੰਦਾ ਕਦੇ ਕਿਸਦਾ,
ਬੁਰਾ ਕੀਤਾ ਨ ਕਦੇ ਬੁਰਿਆਰ ਵਾਂਙੂ,
ਤਾਤ ਆਉਂਦੀ ਨੂੰ ਬਾਹਰੋਂ ਹੀ ਫੇਰ ਦਿੱਤਾ,
ਪਹਿਰਾ ਦਿੱਤਾ ਸੀ ਸਿਪਾਹਸਲਾਰ ਵਾਂਙੂ।
ਹਾਸਦ ਹਸਦ ਤੋਂ ਟਲੇ ਨਾ ਕਦੇ,
ਲੋਕੋ! ਕਰੋ ਪਯਾਰ ਚਾਹੇ ਦਿਲਦਾਰ ਵਾਂਙੂ।।



# ਪਰਮਸੰਤ ਰਵਿਦਾਸ ਜੀ ਦੀ ਬਾਣੀ: ਅਜੋਕੇ ਮਾਨਵ ਜੀਵਨ ਵਿਚ ਭੂਮਿਕਾ



**ਜਸਬੀਰ ਸਿੰਘ ਸਾਬਰ (ਡਾ:)**




ਮੈਂ ਪਰਮ ਸੰਤ ਰਵਿਦਾਸ ਜੀ ਦੀ ਬਾਣੀ ਨੂੰ ਇਕ ਸਾਹਿੱਤ ਸਮੀਖਿਆਕਾਰ ਵਾਂਗ ਪਰਖਣ ਦੀ ਥਾਂ ਜਨ-ਜੀਵਨ ਉੱਤੇ ਇਸ ਦੇ ਪਏ ਪ੍ਰਭਾਵ ਤੇ ਧਿਆਨ ਵਧੇਰੇ ਕੇਂਦਰਤ ਕੀਤਾ ਹੈ ਤਾਂ ਜੋ ਰੂਹਾਨੀਅਤ ਭਰਪੂਰ ਇਸ ਬਾਣੀ ਦੀ ਅਜੋਕੇ ਸਮੇਂ ਮਾਨਵ-ਸਮਾਜ ਵਿਚ ਬਣਦੀ ਸਾਰਥਿਕਤਾ ਦਾ ਗਿਆਨ ਹੋ ਸਕੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਰਵਿਦਾਸ-ਬਾਣੀ ਦੇ 40 ਸ਼ਬਦਾਂ ਤੋਂ ਇਲਾਵਾ ਦੇਸ਼ ਦੇ ਵੱਖ-ਵੱਖ ਹਿਸਿਆਂ ਵਿਚ ਸਥਾਪਤ ਖੋਜ-ਕੇਂਦਰਾਂ, ਲਾਇਬ੍ਰੇਰੀਆਂ ਅਤੇ ਯੂਨੀਵਰਸਿਟੀਆਂ ਵਿਚ ਸੰਤ ਸਾਹਿੱਤ ਨਾਲ ਸੰਬੰਧਤ ਹੱਥ ਲਿਖਿਤ ਖਰੜਿਆਂ ਵਿਚ ਰਵਿਦਾਸ ਜੀ ਮਹਾਰਾਜ ਦੇ ਨਾਮ ਹੇਠ ਰਚੇ 50 ਤੋਂ 80 ਤਕ ਸ਼ਬਦ ਅਤੇ 30 ਦੇ ਕਰੀਬ ਦੋਹਰੇ ਪ੍ਰਾਪਤ ਹੁੰਦੇ ਹਨ। ਮੈਨੂੰ 200 ਦੇ ਲਗਭਗ ਅਜਿਹੇ ਹੱਥ ਲਿਖਿਤ ਗ੍ਰੰਥ ਵੇਖਣ ਤੇ ਪਰਖਣ ਦਾ ਅਵਸਰ ਪ੍ਰਾਪਤ ਹੋਇਆ ਹੈ ਜਿਨ੍ਹਾਂ ਨੂੰ ਨਿਰੋਲ ਅਕਾਦਮਿਕ ਜੁਗਤ-ਅਧੀਨ ਸੰਪਾਦਤ ਕਰਕੇ ਮੈਂ ਆਪਣੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਦੇ ਦਿੱਤਾ ਜੋ ਲਗਭਗ ਤਿੰਨ ਦਹਾਕੇ ਪਹਿਲਾਂ ਪ੍ਰਕਾਸ਼ਤ ਹੋ ਚੁੱਕਾ ਹੈ। ਪਰ ਇਨ੍ਹਾਂ ਹੱਥ-ਲਿਖਿਤਾਂ ਵਿਚ ਪ੍ਰਾਪਤ ਰਵਿਦਾਸ -ਬਾਣੀ ਵਿਚ ਇਕਸਾਰਤਾ ਤੇ ਇਕਸੁਰਤਾ ਨਾ ਹੋਣ ਕਾਰਨ ਇਨ੍ਹਾਂ ਦੀ ਹਾਲੇ ਤੱਕ ਪ੍ਰਮਾਣਿਕਤਾ ਸਥਾਪਤ ਨਹੀਂ ਹੋ ਸਕੀ।

ਏਸੇ ਲਈ ਹਾਲੇ ਤਕ ਪਰਮਸੰਤ ਰਵਿਦਾਸ ਜੀ ਦੀ ਓਸੇ ਬਾਣੀ ਨੂੰ ਨਿਰਵਿਵਾਦ ਪ੍ਰਮਾਣਿਕ ਮੰਨਿਆ ਜਾਂਦਾ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਸੰਤ ਨਾਭਾ ਦਾਸ ਜੀ ਦਾ ਮਤ ਵੀ ਏਹੋ ਸੇਧ ਦਿੰਦਾ ਹੈ ਕਿ:

**ਸੰਦੇਹ ਗ੍ਰੰਥ ਖੰਡਨ ਨਿਪੁੰਨ ਬਾਨੀ ਬਿਮਲ ਰੈਦਾਸ ਕੀ।।**

ਨਿਰਸੰਦੇਹ ਗਿਣਾਤਮਿਕ ਦ੍ਰਿਸ਼ਟੀ ਤੋਂ ਰਵਿਦਾਸ-ਬਾਣੀ ਬਹੁਤ ਘਟ ਪ੍ਰਤੀਤ ਹੁੰਦੀ ਹੈ ਪਰ ਗੁਣਾਤਮਿਕ ਪਖੋਂ ਇਹ ਬਹੁਤ ਮਹਾਨ ਹੈ ਜਿਸ ਦਾ ਗ੍ਰਹਿ ਸੁਰ, ਮਾਨਵ-ਸਮਾਜ ਦਾ ਹਿਤਕਾਰੀ ਤੇ ਜਨ ਜਨ ਲਈ ਕਲਿਆਣਕਾਰੀ ਹੈ। ਇਸ ਬਾਣੀ ਦੀ ਸਮਾਜਿਕ ਸੰਦਰਭ ਵਿਚ ਸਭ ਤੋਂ ਵੱਡੀ ਵਿਸ਼ੇਸਤਾ ਅਜੋਕੇ ਪ੍ਰਸੰਗ ਵਿਚ ਇਹ ਆਖੀ ਜਾ ਸਕਦੀ ਹੈ ਕਿ ਆਪ ਜੀ ਨੇ ਆਪਣੇ ਕਿਸੇ ਇਕ ਵੀ ਸ਼ਬਦ ਵਿਚ ਆਪਣੇ ਆਪ ਨੂੰ ਭਗਵਾਨ, ਈਸ਼ਵਰ ਜਾਂ ਪ੍ਰਭੂ ਨਹੀਂ ਐਲਾਨਿਆ ਸਗੋਂ ਜੇਕਰ ਤਿਲਕਧਾਰੀ ਬ੍ਰਾਹਮਣਾਂ ਨੇ ਉਨ੍ਹਾਂ ਨੂੰ ਡੰਡਉਤ ਕੀਤੀ ਤਾਂ ਇਸ ਕਰਾਮਾਤੀ ਕਾਰਜ ਦਾ ਸਾਰਾ ਸਿਹਰਾ ਉਹ ਪਰਮਾਤਮਾ ਨੂੰ ਦਿੰਦਿਆ ਆਪਣੀ ਨਿਮਰਤਾ ਦਾ ਪ੍ਰਗਟਾਵਾ ਕਰਦੇ ਹਨ: **ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮਿ ਸਰਣਾਇ ਰਵਿਦਾਸੁ ਦਾਸਾ।।**

ਮੇਰੇ ਵਿਚਾਰ ਅਨੁਸਾਰ ਅਜੋਕੇ ਧਰਮੋ ਸਮਾਜਿਕ ਖੇਤਰ ਵਿਚ ਉਨ੍ਹਾਂ ਦੀ ਇਹ ਅਨੋਖੀ ਤੇ ਵਡਮੁਲੀ ਦੇਣ ਹੈ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੇ ਆਪ ਨੂੰ **"ਮੈਂ ਹਉਂ ਪਰਮ ਪੁਰਖ ਕੋ ਦਾਸਾ''** ਆਖਦਿਆਂ ਆਪਣੇ ਸ਼ਰਧਾਲੂ ਸਿਖਾਂ ਨੂੰ ਆਦੇਸ਼ ਦਿਤਾ ਸੀ ਕਿ **"ਜੋ ਮੁਝ ਕੋ ਪਰਮੇਸ਼ਰ ਉਚਰ ਹੈ ਤੇ ਸਭ ਨਰਕ ਕੁੰਡ ਮਹਿ ਪਰ ਹੈ''**। ਜੇਕਰ ਰਵਿਦਾਸ-ਬਾਣੀ ਦੇ ਇਸ ਮੁਦੇ ਨੂੰ ਠੀਕ ਪ੍ਰਸੰਗ ਵਿਚ ਉਭਾਰਿਆ ਜਾਵੇ ਤਾਂ ਸਮਾਜਿਕ ਖੇਤਰ ਵਿਚ ਇਕ ਤਾਂ ਇਸ ਨਾਲ ਜਗਿਆਸੂ ਨੂੰ ਅਜੋਕੇ ਵਪਾਰ ਕਰਨ ਵਾਲੇ ਇਛਾਧਾਰੀ ਬਾਬਿਆਂ ਦੇ ਚੁੰਘਲ ਵਿਚ ਫਸਣ ਦੀ ਥਾਂ ਉਸ ਸੱਚੇ ਪਰਮਾਤਮਾ ਦੀ ਆਰਾਧਨਾ ਕਰਨ ਦੀ ਪ੍ਰੇਰਨਾ ਮਿਲੇਗੀ ਜਿਸਦਾ ਜ਼ਿਕਰ ਰਵਿਦਾਸ਼-ਬਾਣੀ ਵਿਚ ਵਿਆਪਕ ਰੂਪ ਵਿਚ ਮਿਲਦਾ ਹੈ। ਦੂਜਾ ਉਸ ਸੰਪ੍ਰਦਾਇਕ ਅੰਧ ਵਿਸ਼ਵਾਸ਼ ਤੋਂ ਵੀ ਜਨ ਸਾਧਾਰਨ ਨੂੰ ਨਿਜ਼ਾਤ ਮਿਲੇਗੀ ਜੋ ਮਾਨਵ-ਸਮਾਜ ਨੂੰ ਦੀਮਕ ਵਾਂਗ ਚੰਬੜਿਆ ਹੋਇਆ ਹੈ। ਅਜਿਹਾ ਜਤਨ ਹੀ ਮਾਨਵ-ਸਮਾਜ ਦੀ ਚੇਤਨਾ ਨੂੰ **ਅਕਲੀ ਸਾਹਿਬ ਸੇਵੀਐ ਅਕਲੀ ਪਾਈਐ ਮਾਨੁ।। ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ।।** ਦੇ ਮਾਰਗ ਦਾ ਪਾਂਧੀ ਬਣਨ ਦੀ ਪ੍ਰੇਰਨਾ ਦੇ ਸਕਦਾ ਹੈ।

ਜੇਕਰ ਰਵਿਦਾਸ-ਬਾਣੀ ਦੇ ਸਮਾਜਿਕ ਸੰਦਰਭ ਦਾ ਵਿਸ਼ਾਲ ਹਿਰਦਾ ਰਖਦਿਆਂ ਇਮਾਨਦਾਰੀ ਨਾਲ ਇਸ ਦਾ ਠੀਕ ਪ੍ਰਸੰਗ ਵਿਚ ਅਧਿਐਨ ਕੀਤਾ ਜਾਵੇ ਤਾਂ ਇਹ ਤੱਥ ਸਪੱਸ਼ਟ ਰੂਪ ਵਿਚ ਉਭਰਕੇ ਸਾਡੇ ਸਾਹਮਣੇ ਆਉਂਦਾ ਹੈ ਕਿ ਇਨ੍ਹਾਂ ਦੇ ਰਹੱਸਵਾਦੀ ਅਨੁਭਵ ਨਾ ਤਾਂ ਕਿਸੇ ਵਿਸ਼ੇਸ਼ ਵਰਗ-ਸੀਮਾਂ ਤਕ ਸੀਮਤ ਹਨ ਅਤੇ ਨ ਹੀ ਕਿਸੇ ਵਿਸ਼ੇਸ਼ ਵਰਗ ਲਈ ਉਲਾਰ ਹੀ ਹਨ। ਅਸਲ ਵਿਚ ਇਹ ਸਰਬ ਵਿਆਪੀ ਅਤੇ ਸਮੁਚੇ ਮਾਨਵ-ਸਮਾਜ ਲਈ ਹਨ। ਵਿਸ਼ੇਸ਼ਤਾ ਇਹ ਹੈ ਕਿ ਇਹ ਕਿਸੇ ਨਿਵੇਕਲੇ ਧਰਮ-ਸ਼ਾਸ਼ਤਰ ਦਾ ਨਿਰਮਾਣ ਕਰਨ ਵਾਲੇ ਵੀ ਨਹੀਂ ਜਾਪਦੇ ਸਗੋਂ ਇਹ ਉਨ੍ਹਾਂ ਕਰੁਣਾਮਈ ਭਾਵਾਂ ਦਾ ਪ੍ਰਗਟਾਉ ਲਗਦੇ ਹਨ ਜੋ ਜਨ-ਮਾਨਸ ਦੀ ਪੀੜ੍ਹਾ ਕਾਰਨ ਉਨ੍ਹਾਂ ਦੇ ਮਨ-ਮੰਦਰ ਵਿਚ ਪਨਪ ਰਹੇ ਸਨ।

ਦਰਅਸਲ ਰਵਿਦਾਸ ਬਾਣੀ ਨੂੰ ਪੜ੍ਹ ਕੇ, ਸੁਣ ਕੇ ਮਾਨਵ-ਸੋਚ ਨੂੰ ਇਹ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਆਪ ਜੀ ਦੇ ਸਮਕਾਲੀ ਸਮਾਜ ਵਿਚ ਵਿਦੇਸ਼ੀ ਮੂਲ ਦੇ ਅਜਿਹੇ ਸ਼ਾਸਕ ਸਨ ਜਿਨ੍ਹਾਂ ਦੀਆਂ ਰੁਚੀਆਂ ਸਨ ਜ਼ਾਲਮਾਨਾ ਠਾਕਰਾਂ ਦਾ ਸੁਭਾਅ ਸੀ ਨਿਰਦਈ ਤੇ ਮਾਲਕਾਨਾ ਅਤੇ ਪੁਜਾਰੀ ਵਰਗ, ਕਰਮਕਾਂਡਾਂ ਵਿਚ ਬਝ ਕੇ ਹੰਕਾਰ ਨਾਲ ਨਕੋ ਨਕ ਭਰਿਆ ਪਿਆ ਸੀ। ਇਹ ਅਜਿਹੇ ਵਰਗ ਸਨ ਜਿਨ੍ਹਾਂ ਦੀ ਹੁਕਮ ਅਦੂਲੀ ਕਰਨ ਵਾਲੇ ਦਾ ਸਿਰ ਕਲਮ ਕਰ ਦਿੱਤਾ ਜਾਂਦਾ ਸੀ। ਨਿਰਸੰਦੇਹ ਹਾਕਮ ਤੇ ਪੁਜਾਰੀ ਵਰਗ ਗਿਣਤੀ ਪਖੋਂ ਘਟ ਸੀ ਅਤੇ ਜਨ ਸਾਧਾਰਨ ਵੱਧ। ਪਰ ਸ਼ਾਸਕ ਵਰਗ ਜਿੱਥੇ ਸ਼ਸਤਰਧਾਰੀ, ਧਨਵਾਨ ਤੇ ਬਲਵਾਨ ਸੀ ਓਥੇ ਜਨ ਸਾਧਾਰਨ ਆਪਣੀ ਸ਼ਕਤੀ ਤੋਂ ਹੀ ਅਨਜਾਣ ਸੀ। ਇਸ ਦੇ ਬਾਵਜੂਦ 1433 ਬਿਕਰਮੀ ਸੰਮਤ ਨੂੰ ਬਨਾਰਸ ਵਿਚ ਮਰੇ ਪਸ਼ੂਆਂ ਨੂੰ ਢੋਣ ਅਤੇ ਖਲ ਉਤਾਰਨ ਵਾਲੇ ਸੂਦਰ ਵਰਗ ਦੇ ਪਰਿਵਾਰ ਵਿਚ ਪਰਗਟ ਹੋਏ ਰਵਿਦਾਸ ਜੀ ਨੇ ਹੱਕ, ਸੱਚ ਅਤੇ ਇਨਸਾਫ ਦੀ ਗਲ ਕਰਨ ਸਮੇਂ ਨਾ ਤਾਂ ਸਮੇਂ ਦੇ ਹਾਕਮਾਂ ਦਾ ਡਰ ਹੀ ਮੰਨਿਆ ਅਤੇ ਨਾ ਹੀ ਪੁਜਾਰੀ ਵਰਗ ਦੇ ਫਤਵਿਆਂ ਦੀ ਪ੍ਰਵਾਹ ਹੀ ਕੀਤੀ। ਉਨ੍ਹਾਂ ਦੇ ਇਸ ਪੈਂਤੜੇ ਨੂੰ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਉਨ੍ਹਾਂ ਕੋਲ ਨਾ ਤਾਂ ਕੋਈ ਹਾਥੀ ਘੋੜੇ ਸਨ ਅਤੇ ਨਾਂ ਹੀ ਕੋਈ ਅਜੋਕੇ ਅਮਰੀਕੀ ਡਰੋਨ ਰਾਕਟ, ਏ.ਕੇ.47 ਵਰਗੇ ਮਾਰੂ ਹਥਿਆਰ ਅਤੇ ਨਾ ਹੀ ਗੁਰੀਲਾ ਢੰਗ ਦੀ ਲੜਾਈ ਲੜਨ ਵਾਲੀ ਕੋਈ ਸਿਖਿਅਤ ਫੌਜ਼ ਪਰ ਆਪ ਜੀ ਨੇ ਜਿਸ ਢੰਗ ਤੇ ਦਲੇਰੀ ਨਾਲ ਨਿਰਭਉ ਤੇ ਨਿਰਵੈਰ ਭਾਵਨਾ ਅਧੀਨ ਪ੍ਰਚਲਤ ਗੁਮਰਾਹ ਕਰਨ ਵਾਲੇ ਫੋਕੇ ਕਰਮ ਕਾਡਾਂ ਨੂੰ ਨਕਾਰਿਆ ਅਤੇ ਮਾਨਵ ਜੀਵਨ ਨੂੰ ਸਮੁਚੀ ਸੇਧ ਦੇਣ ਵਾਲੇ ਨੈਤਿਕ ਵਿਧਾਨ ਨੂੰ ਉਸਾਰਿਆ ਹੈ ਉਹ ਜੁਗਤ ਕਮਾਲ ਦੀ ਹੈ। ਉਨ੍ਹਾਂ ਦੀ ਹਰ ਗੱਲ, ਤਰਕ ਤੇ ਆਧਾਰਤ ਹੈ ਅਤੇ ਇਸ ਤਰਕ ਸਮੇਂ ਵੀ ਆਪ ਜੀ ਸੰਵਾਦ-ਸ਼ੈਲੀ ਨੂੰ ਅਪਨਾਉਂਦੇ ਹਨ। ਵਿਸ਼ੇਸ਼ਤਾ ਇਹ ਹੈ ਕਿ ਅਜਿਹੇ ਸੰਵਾਦ ਸਮੇਂ ਵੀ ਆਪ ਜੀ ਦਾ ਰੁਖ ਡਿਕਟੇਟਰਾਂਨਾ ਨਹੀਂ ਸਗੋਂ ਆਪ ਜੀ ਪਹਿਲੋਂ ਦੂਜੇ ਦੀ ਗੱਲ ਸੁਣਦੇ ਹਨ, ਸਮਝਦੇ ਹਨ ਅਤੇ ਫਿਰ ਆਪਣੀ ਗਲ ਕਹਿੰਦੇ ਹਨ ਤੇ ਸਮਝਾਉਂਦੇ ਹਨ। ਹਾਲਾਂ ਕਿ ਆਪ ਜੀ ਇਸ ਤੱਥ ਤੋਂ ਭਲੀਭਾਂਤ ਜਾਣੂ ਸਨ ਕਿ ਉਨ੍ਹਾਂ ਦਾ ਪਰਿਵਾਰ ਤੇ ਭਾਈਚਾਰਾ ਗੁਰਬਤਿ ਦਾ ਜੀਵਨ ਜਿਉਂ ਰਿਹਾ ਹੈ ਜਿਸ ਨੂੰ ਹਰ ਕੋਈ ਹਾਸਾ ਮਜ਼ਾਕ ਕਰਦਾ ਹੈ: **ਦਾਰਿਦੁ ਦੇਖਿ ਸਭੁ ਕੋ ਹਸੈ ਐਸੀ ਦਸਾ ਹਮਾਰੀ।। ਪਰ ਮੋਹਿ ਆਧਾਰ ਨਾਮ ਨਾਰਾਇਣ''** ਕਾਰਨ ਉਨ੍ਹਾਂ ਦੀ ਅੰਤਰ ਆਤਮਾ, ਅੰਤਾਂ ਦੀ ਅਮੀਰ ਹੋ ਚੁੱਕੀ ਸੀ ਜਿਸ ਕਰਕੇ ਉਨ੍ਹਾਂ ਨੇ ਨਾ ਕੇਵਲ ਆਪਣੀ ਸੋਚ-ਸ਼ਕਤੀ ਨੂੰ ਹੀ ਸ਼ਕਤੀਸ਼ਾਲੀ ਬਣਾਇਆ ਸਗੋਂ ਆਪਣੇ ਵਰਗ ਦੀ ਚੇਤਨਾ ਵਿਚ ਵੀ ਆਤਮਿਕ ਬਲ ਪੈਦਾ ਕਰਦਿਆਂ ਉਸ ਨੂੰ ਆਪਣੇ ਨਾਲ ਖੜ੍ਹਾ ਕਰ ਲਿਆ ਭਾਵ ਤੋੜਨ ਦੀ ਥਾਂ ਜੋੜਨ ਦੀ ਜੁਗਤ ਅਪਨਾਈ। ਆਪ ਜੀ ਦੀ ਬਾਣੀ ਦੇ ਸਮਾਜਿਕ ਸੰਦਰਭ ਦੀ ਵਿਸ਼ੇਸ਼ਤਾ ਹੀ ਇਸ ਤੱਥ ਵਿਚ ਹੈ ਕਿ ਇਸ ਵਿਚ ਪ੍ਰੇਮ-ਪਿਆਰ ਦੀ ਸੁਰ ਗੂੰਜਦੀ ਹੇ। ਅਜੋਕੇ ਯੁਗ ਵਾਂਗ ਇਹ ਆਪਣੇ ਭਾਈਚਾਰੇ ਨੂੰ ਨਾ ਤਾਂ ਧਰਨੇ ਲਾਉਣ ਦੀ ਪ੍ਰੇਰਨਾ ਦਿੰਦੇ ਹਨ, ਨਾ ਜਲਸੇ ਜਲੂਸ ਕਢਣ ਲਈ ਉਕਸਾਉਂਦੇ ਹਨ ਅਤੇ ਨਾ ਹੀ ਸਾੜ ਫੂਕ, ਭੰਨ ਤੋੜ ਲਈ ਭੜਕਾਉਂਦੇ ਹਨ। ਆਪ ਜੀ ਦੀ ਬਾਣੀ ਵਿਚ ਇਕਸਾਰ ਪ੍ਰੇਮ-ਸੰਗੀਤ ਦੀਆਂ ਸੁਰ ਲਹਿਰੀਆਂ ਸੁਣਾਈ ਦਿੰਦੀਆਂ ਹਨ। ਏਥੋਂ ਤਕ ਕਿ ਆਪ ਜੀ ਉਸ ਸਾਸ਼ਕ ਅਤੇ ਪੁਜਾਰੀ ਵਰਗ ਪ੍ਰਤੀ ਵੀ ਕੋਈ ਕੌੜੀ ਭਾਵਨਾ ਵਾਲਾ ਵਿਚਾਰ ਨਹੀਂ ਪ੍ਰਗਟਾਉਂਦੇ ਜਿਸਦੀਆਂ ਸੰਕੀਰਨ ਅਤੇ ਕਟੜਵਾਦੀ ਰੁਚੀਆਂ ਕਾਰਨ, ਜਨ-ਸਾਧਾਰਨ ਸੰਤਾਪ ਭੋਗ ਰਿਹਾ ਸੀ। ਏਹੋ ਕਾਰਨ ਹੈ ਕਿ ਪ੍ਰੇਮ-ਜੁਗਤ ਅਧੀਨ ਕਹੀ ਗਈ ਆਪ ਜੀ ਦੀ ਗੱਲ ਨੂੰ ਸਮੇਂ ਦੇ ਹਾਕਮ ਤੇ ਪੁਜਾਰੀ ਵਰਗ ਨੇ ਸੁਣਿਆ ਵੀ ਅਤੇ ਮੰਨਿਆ ਵੀ।

ਸਮੁਚੇ ਰੂਪ ਵਿਚ ਅਜੋਕੇ ਮਾਨਵ ਜੀਵਨ ਨੂੰ ਹਰ ਪੱਧਰ ਤੇ ਸੁਧਾਰਨ ਤੇ ਸ਼ਿੰਗਾਰਨ ਲਈ ਉਨ੍ਹਾਂ ਦੀ ਮਾਖਿਓਂ ਮਿੱਠੀ ਬਾਣੀ ਵਿਚਲੇ ਹੇਠ ਲਿਖੇ ਤੱਤ ਅਜੋਕੇ ਮਾਨਵ ਜੀਵਨ ਵਿਚ ਵਿਸ਼ੇਸ਼ ਰੂਪ ਵਿਚ ਸਾਰਥਿਕਤਾ ਰਖਦੇ ਲੱਗਦੇ ਹਨ:

1. ਅਗਿਆਨ ਮਿਟਾ ਕੇ ਗਿਆਨ ਪ੍ਰਾਪਤ ਕਰਨਾ: ਗਿਆਨ ਦੀ ਜੁਗਤ ਹੀ ਮਨੁੱਖ ਨੂੰ ਚੰਗੇ ਮੰਦੇ ਦੀ ਸੋਝੀ ਪ੍ਰਦਾਨ ਕਰਦੀ ਹੈ **ਉਪਜਿਓ ਗਿਆਨੁ ਹੂਆ ਪਰਗਾਸ।।**
2. ਹੰਕਾਰ ਗ੍ਰਸਤ ਹੋਣ ਦੀ ਥਾਂ - ਹਉਮੈ ਮੁਕਤ ਹੋਣ ਦੀ ਪ੍ਰੇਰਨਾ **-ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂ ਹੀ ਮੈ ਨਾਹੀ।।**
3. ਨਫ਼ਰਤ ਦੀ ਥਾਂ ਪ੍ਰੇਮ ਭਾਵਨਾ: ਪ੍ਰੇਮ ਦੀ ਅਥਾਹ ਸ਼ਕਤੀ ਨੇ ਹੀ ਪਰਧਾਨ ਪੰਡਤ ਝੁਕਣ ਲਈ ਮਜ਼ਬੂਰ ਕਰ ਦਿੱਤੇ।
   **-ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸ ਦਾਸਾ।।**
   ਆਪ ਜੀ ਦਾ ਵਿਸ਼ਵਾਸ਼ ਹੈ ਕਿ ਪ੍ਰੇਮ ਦੇ ਬੰਧਨ ਵਿਚ ਤਾਂ ਪਰਮਾਤਮਾ ਵੀ ਬਝ ਜਾਂਦਾ ਹੈ।
   **-ਜਉ ਹਮ ਬਾਧੇ ਮੋਹ ਫਾਸ ਹਮ ਪ੍ਰੇਮ ਬੰਧਨ ਤੁਮ ਬਾਧੇ।।**
   **ਅਪਨੇ ਛੂਟਨ ਕੋ ਜਤਨ ਕਰਹੁ ਹਮ ਛੂਟੇ ਤੁਮ ਆਰਾਧੈ।।**
4. ਸਤਿ ਸੰਗਤਿ ਦੀ ਮਹਾਨਤਾ: **ਸਤਿ ਸੰਗਤ ਮਿਲ ਰਹੀਐ ਮਾਧਉ ਜੈਸੇ ਮਧੁਮ ਮਖੀਰਾ।।**
5. ਵਿਵਾਦ ਦੀ ਥਾਂ ਸੰਵਾਦ: ਵੇਖਿਆ ਜਾਇ ਤਾਂ ਸਮੁਚੀ ਰਵਿਦਾਸ ਬਾਣੀ ਦਾ ਰੁਖ ਸੰਵਾਦ ਤੇ ਟਿਕਿਆ ਹੋਇਆ ਹੈ। ਏਥੋਂ ਤਕ ਕਿ ਪ੍ਰਭੂ ਨਾਲ ਗਿਲਾ ਪ੍ਰਗਟਾਉਣ ਸਮੇਂ ਵੀ ਸੰਵਾਦ ਸ਼ੈਲੀ ਹੀ ਵਰਤੀ ਗਈ ਹੈ ਕਿ **ਦਾਰਿਦ ਦੇਖ ਸਭ ਕੋ ਹਸੈ ਐਸੀ ਦਸਾ ਹਮਾਰੀ।।** ਫਰਕ ਵੀ ਕੀ ਹੈ: **ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।।**
6. ਕਰਮ ਕਾਂਡ ਦੀ ਥਾਂ ਸਚੀ ਪ੍ਰੀਤ: **ਦੂਧ ਤ ਬਛਰੈ ਥਨਹੁ ਬਿਟਾਰਿਓ।। ਫੂਲੁ ਭਵਰਿ ਜਲੁ ਮੀਨਿ ਬਿਗਾਰਿਓ।**
7. ਹਰ ਖੇਤਰ ਵਿਚ ਕਾਰਜ ਕਰਨ ਦੀ ਸੁਤੰਤਰਤਾ ਅਤੇ ਕਿਰਤ ਕਰਨ ਦੀ ਪਿਰਤ: ਆਪ ਜੀ ਨੇ ਖੁਦ ਦਸਾ ਨਹੁੰਆਂ ਦੀ ਕਿਰਤ ਕੀਤੀ ਏਸੇ ਲਈ ਗੰਗਾ ਮਈਆ ਨੇ ਆਪ ਜੀ ਵਲੋਂ ਭੇਜੀ ਦਮੜੀ ਨੂੰ ਖੁਦ ਆਪ ਸਵੀਕਾਰ ਕੀਤਾ **ਬੇਗਮਪੁਰਾ ਸਹਰ ਕੋ ਨਾਉ।।**
8. ਅਨੈਤਿਕਤਾ ਨਾਲ ਧਨ ਇਕਠਾ ਕਰਨ ਦਾ ਵਿਰੋਧ
   **-ਸੰਪਤਿ ਬਿਪਤਿ ਪਟਲ ਮਾਇਆ ਧਨ।। ਤਾ ਮਹਿ ਮਗਨ ਹੋਤ ਨ ਤੇਰੋ ਜਨ।।**
9. ਨਸ਼ਿਆਂ ਤੇ ਨਿੰਦਾ ਦਾ ਵਿਰੋਧ ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ।।
   **-ਕਰੇ ਨਿੰਦ ਸਭ ਬਿਰਥਾ ਜਾਵੈ।।**
10. ਗੁਸੇ ਦੀ ਥਾਂ ਦਇਆਵਾਨ ਦ੍ਰਿਸ਼ਟੀ ਰਖਣੀ : **ਕਹਿ ਰਵਿਦਾਸ ਉਦਾਸ ਦਾਸ ਮਤਿ ਪਰ ਹਰਿ ਕੋਪ ਕਰਹੁ ਜੀਅ ਦਇਆ।।**
11. ਚੰਗੇਰੇ ਕਾਰਜ ਕਰਨ ਦੀ ਸਲਾਹ: **ਕਹੁ ਰਵਿਦਾਸ ਭਾਇਓ ਜਬ ਲੇਖੋ।। ਜੋਈ ਜੋਈ ਕੀਨੋ ਸੋਈ ਸੋਈ ਦੇਖਿਓ।।**

ਇਸ ਲਈ ਵਿਸ਼ਵ ਪੱਧਰ ਤੇ ਵਾਪਰ ਰਹੀ ਅਜੋਕੀ ਵਿਸਫੋਟਕ ਸਥਿਤੀ ਵਿਚ ਸੁਧਾਰ ਲਿਆਉਣ ਲਈ ਕਰਮ ਯੋਗੀ ਰਵਿਦਾਸ ਜੀ ਵਰਗੇ ਪਾਵਨ ਪਵਿਤਰ ਮਹਾਂਪੁਰਸ਼ਾਂ ਦੀ ਬਾਣੀ ਵਿਚਲੇ ਸਮਾਜਿਕ ਸੰਦਰਭ ਦੀ ਅਜੋਕੇ ਮਾਨਵ-ਜੀਵਨ ਵਿਚ ਭੂਮਿਕਾ ਨਿਗਰ ਯੋਗਦਾਨ ਪਾਉਣ ਵਾਲੀ ਹੈ। ਲੋੜ ਹੈ ਕੇਵਲ ਇਸਨੂੰ ਵਿਵਹਾਰਕ ਰੂਪ ਦੇਣ ਦੀ।ਅਜਿਹੀ ਜੁਗਤ ਹੀ ਮਾਨਵ-ਸੋਚ ਵਿਚੋਂ ਨਿਜਵਾਦ, ਨਿਜਲਾਭ ਅਤੇ ਸੰਕੀਰਨਤਾ ਨੂੰ ਮਨਫ਼ੀ ਕਰਕੇ ਵਿਸ਼ਵ ਪੱਧਰ ਤੇ ਉਸਾਰੂ ਰੁਚੀਆਂ ਵਾਲੇ ਉਸ ਮਾਨਵ-ਸਮਾਜ ਦਾ ਨਿਰਮਾਣ ਕਰ ਸਕਦੀ ਹੈ ਜਿਸ ਦੀ ਰੂਪ ਰੇਖਾ ਰਵਿਦਾਸ-ਬਾਣੀ ਦੇ ਉਪਰੋਕਤ 11 ਨੁਕਤਿਆਂ ਵਿਚ ਖਾਸ ਕਰਕੇ ਅਤੇ **ਬੇਗਮਪੁਰਾ ਸਹਰ ਕੋ ਨਾਉ''** ਵਾਲੇ ਸਬ਼ਦ ਵਿਚ ਵਿਸ਼ੇਸ਼ ਰੂਪ ਤੌਰ ਤੇ ਉਲੀਕੀ ਗਈ ਹੈ।



# ਗੁਰਦੁਆਰਾ ਸੁਧਾਰ ਲਹਿਰ: ਚੀਫ਼ ਖ਼ਾਲਸਾ ਦੀਵਾਨ ਦੀ ਭੂਮਿਕਾ

ਨਿਰਮਲ ਸਿੰਘ



ਸਿੱਖ ਪੰਥ ਦੀਆਂ ਨਾਮਵਰ ਕੁੱਝ ਪ੍ਰਮੁੱਖ ਸਖ਼ਸ਼ੀਅਤਾਂ ਨੇ 1902 ਵਿਚ ਸਥਾਪਤ ਕੀਤੀ ਸਿੱਖ ਜਗੱਤ ਦੀ ਪ੍ਰਸਿੱਧ ਸੰਸਥਾ ਚੀਫ਼ ਖ਼ਾਲਸਾ ਦੀਵਾਨ ਦਾ ਮੁੱਖ ਮੰਤਵ, **ਸਿੱਖੀ ਤੇ ਸਿੱਖਿਆ** ਦਾ ਇਕਸਾਰ ਪ੍ਰਚਾਰ ਤੇ ਪ੍ਰਸਾਰ ਕਰਨਾ ਸੀ। ਏਸੇ ਮੁੱਖ ਮੰਤਵ ਦੇ ਅੰਤਰਗਤ ਦੀਵਾਨ ਨੇ ਗੁਰਦੁਆਰਾ ਸੁਧਾਰ ਲਹਿਰ ਵਿਚ ਸਮੇਂ-ਸਮੇਂ ਲੋੜੀਂਦੀ ਅਹਿਮ ਭੂਮਿਕਾ ਨਿਭਾਈ।

ਦਰਅਸਲ ਮੁਗਲ ਰਾਜ-ਕਾਲ ਸਮੇਂ ਸਿੱਖ ਵਿਰੋਧੀ ਲਹਿਰ ਅਧੀਨ ਸਿੰਘਾਂ ਦੇ ਸਿਰਾਂ ਦੇ ਮੁਲ ਪੈਣ ਕਾਰਨ ਵਧੇਰੇ ਸਿੰਘ ਆਪਣੇ ਘਰ ਘਾਟ ਛਡ ਕੇ ਪਰਿਵਾਰਾਂ ਸਮੇਤ ਜੰਗਲਾਂ, ਪਹਾੜਾਂ ਤੇ ਚਲੇ ਗਏ ਸਨ ਜਿਸ ਕਰਕੇ ਗੁਰੂ ਘਰ ਜਾਂ ਤਾਂ ਮਸੀਤਾਂ ਵਿਚ ਬਦਲ ਦਿੱਤੇ ਗਏ ਜਾਂ ਅੰਗ੍ਰੇਜ਼ੀ ਹਕੂਮਤ ਸਮੇਂ ਅਜਿਹੇ ਮਹੰਤਾਂ ਦੇ ਕਬਜੇ ਹੇਠ ਆ ਗਏ ਜੋ ਸਿੱਖ ਸਰਦਾਰਾਂ ਤੇ ਮਹਾਰਾਜਾ ਰਣਜੀਤ ਸਿੰਘ ਵਲੋਂ ਗੁਰੂ ਘਰਾਂ ਨੂੰ ਦਾਨ ਕੀਤੀ ਜਾਇਦਾਤ ਦੇ ਮਾਲਕ ਬਣ ਗੁਰਮਤਿ ਵਿਰੋਧੀ ਰੀਤਾਂ, ਕੁਰੀਤੀਆਂ ਤੇ ਮਨਮਤਿ ਦਾ ਪ੍ਰਚਾਰ ਕਰਨ ਲਗ ਪਏ। ਸਿੱਖਾਂ ਵਿਚ ਫੁੱਟ ਪਾਉਣ ਲਈ ਅੰਗੇਜ਼ ਹਕੂਮਤ ਦੀ ਇਨ੍ਹਾਂ ਮਹੰਤਾਂ ਨੂੰ ਪੂਰੀ ਸਰਪ੍ਰਸਤੀ ਪ੍ਰਾਪਤ ਸੀ ਜਿਸ ਕਰਕੇ ਇਨ੍ਹਾਂ ਮਹੰਤਾਂ ਨੇ ਗੁਰੂ-ਘਰਾਂ ਨੂੰ ਅਯਾਸ਼ੀ ਦੇ ਅਡੇ ਬਣਾ ਕੇ ਰਖ ਦਿੱਤਾ। ਕੁਝ ਸੂਝਵਾਨ ਸਿੱਖਾਂ ਨੇ ਵਿਸ਼ੇਸ਼ ਰੂਪ ਵਿਚ ਭਾਈ ਵੀਰ ਸਿੰਘ ਜੀ ਵਲੋਂ ਖਾਲਸਾ ਸਮਾਚਾਰ ਅਤੇ ਖਾਲਸਾ ਟ੍ਰੈਕਟ ਸੋਸਾਇਟੀਆਂ ਰਾਹੀਂ ਖੋਜ਼ ਭਰਪੂਰ ਲੇਖ ਨਿਗੁਣੀਆਰਾ ਟ੍ਰੈਕਟ ਵਿਚ ਪ੍ਰਕਾਸ਼ਿਤ ਕਰਕੇ ਦੇਸ਼ ਭਰ ਦੇ ਲੋਕਾਂ ਵਿਚ ਵੰਡੇ ਜਾਣ ਨਾਲ ਅਤੇ ਪ੍ਰਚਾਰ ਸਦਕਾ ਨਵੀਂ ਜਾਗ੍ਰਿਤੀ ਆਈ। ਜਿਸ ਦੇ ਫਲਸਰੂਪ ਸਿੱਖਾਂ ਨੇ ਆਪਣੇ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਅਜ਼ਾਦ ਕਰਵਾ ਕੇ ਪੰਥ ਦੀ ਚੁਣੀ ਹੋਈ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅੰਮ੍ਰਿਤਸਰ ਬਣਾ ਕੇ ਉਸਾਰੂ ਕੰਮ ਕੀਤਾ। ਲੋਕਾਂ ਨੂੰ ਹੌਲੀ ਹੌਲੀ ਧਾਰਮਿਕ ਗਿਆਨ ਦੇ ਨਾਲ ਨਾਲ ਗੁਰਦੁਆਰਿਆਂ ਦੀ ਸੇਵਾ ਸੰਭਾਲ ਪ੍ਰਤੀ ਵੀ ਗਿਆਨ ਪੈਦਾ ਹੋਇਆ ਅਤੇ ਉਨ੍ਹਾਂ ਨੂੰ ਗੁਰਮਤਿ ਦਾ ਸਹੀ ਗਿਆਨ ਹੋਇਆ।

ਏਸੇ ਪ੍ਰਸੰਗ ਵਿਚ 1920 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਤੋਂ ਪਹਿਲਾਂ ਕੇਵਲ ਚੀਫ਼ ਖ਼ਾਲਸਾ ਦੀਵਾਨ ਅਜਿਹੀ ਪ੍ਰਮੁੱਖ ਪੰਥਕ ਸੰਸਥਾ ਸੀ, ਜਿਸਨੇ ਗੁਰਦੁਆਰਿਆਂ ਵਿੱਚੋਂ ਗੈਰ ਸਿੱਖ ਰਵਾਇਤਾਂ ਅਤੇ ਫੋਕੇ ਕਰਮ ਕਾਂਡਾਂ ਨੂੰ ਖਤਮ ਕਰਨ ਲਈ ਮੁਹਿੰਮ ਚਲਾਈ। 1905 ਵਿੱਚ ਸ਼੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚੋਂ ਮੂਰਤੀਆਂ ਦਾ ਹਟਾਏ ਜਾਣਾ ਇਸਦੀ ਪਹਿਲੀ ਸ਼ਲਾਘਾਯੋਗ ਪ੍ਰਾਪਤੀ ਸੀ। ਚੀਫ਼ ਖ਼ਾਲਸਾ ਦੀਵਾਨ ਦੀਆਂ ਹੋਰ ਮੱਹਤਵਪੂਰਨ ਪ੍ਰਾਪਤੀਆਂ ਵਿੱਚ ਸ਼੍ਰੀ ਹਰਿਮੰਦਰ ਸਾਹਿਬ ਅਤੇ ਸ਼੍ਰੀ ਅਕਾਲ ਤਖ਼ਤ ਸਾਹਿਬ ਦਾ ਕੰਟਰੋਲ ਪ੍ਰਾਪਤ ਕਰਦਿਆਂ ਅਤੇ 15 ਨੰਵਬਰ 1920 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਕਰਨਾ ਸੀ।

ਧਰਮ ਪ੍ਰਚਾਰ ਦੀ ਮੁਹਿੰਮ ਨੂੰ ਜ਼ੋਰਦਾਰ ਢੰਗ ਨਾਲ ਚਲਾਉਣ ਲਈ ਸ਼੍ਰ.ਹਰਬੰਸ ਸਿੰਘ ਜੀ ਅਟਾਰੀ, ਦੀ ਮਿੱਠੀ ਯਾਦ ਵਿਚ ਧਰਮ ਪ੍ਰਚਾਰ ਕਮੇਟੀ ਦੀ ਸਥਾਪਨਾ ਕੀਤੀ ਗਈ ਅਤੇ 1912-13 ਵਿੱਚ ਕਿਰਪਾਨ ਧਾਰਨ ਸੰਬੰਧੀ ਅੰਦੋਲਨ ਚਲਾਇਆ ਗਿਆ। ਸਿੱਖ ਕਿਰਪਾਨ ਨੂੰ ਧਾਰਮਿਕ ਤੇ ਰੂਹਾਨੀ ਸ਼ਖਸ਼ੀਅਤ ਦਾ ਅਟੁੱਟ ਅੰਗ ਪ੍ਰਵਾਨ ਕਰਦੇ ਸਨ, ਪਰ ਬ੍ਰਿਟਿਸ਼ ਅਧਿਕਾਰੀਆਂ ਵੱਲੋਂ ਇਸਨੂੰ (ਆਰਮਜ਼ ਐਕਟ) ਦੇ ਅਧੀਨ ਲਿਆਉਣ ਕਾਰਨ ਉਹ ਇਸਨੂੰ ਧਾਰਨ ਨਹੀਂ ਕਰ ਸਕਦੇ ਸਨ। ਇਸ ਲਈ ਉਹਨਾਂ ਵੱਲੋਂ ਅੰਦੋਲਨ ਸ਼ੁਰੂ ਕਰਕੇ ਗ੍ਰਿਫਤਾਰੀਆਂ ਦਿੱਤੀਆਂ ਗਈਆਂ। ਇਸ ਤਰ੍ਹਾਂ ਚੀਫ਼ ਖ਼ਾਲਸਾ ਦੀਵਾਨ ਵੱਲੋਂ ਵਿਸ਼ੇਸ਼ ਕਰਕੇ ਸ਼੍ਰ.ਸੁੰਦਰ ਸਿੰਘ ਮਜੀਠੀਆ ਦੇ ਯਤਨਾਂ ਦੇ ਸਿੱਟੇ ਵਜੋਂ ਕਿਰਪਾਨ ਪਹਿਨਣ ਨੂੰ ਪੰਜਾਬ ਵਿੱਚ 1914 ਵਿੱਚ ਅਤੇ ਪੂਰੇ ਭਾਰਤ ਵਿਚ 1917 ਵਿਚ ਆਰਮਜ਼ ਐਕਟ ਦੇ ਘੇਰੇ ਤੋਂ ਮੁਕਤ ਕਰ ਦਿੱਤਾ ਗਿਆ।

12 ਅਕਤੂਬਰ, 1920 ਈ. ਨੂੰ ਖ਼ਾਲਸਾ ਬਰਾਦਰੀ ਅੰਮ੍ਰਿਤਸਰ ਦੇ ਸਾਲਾਨਾ ਦੀਵਾਨ ਵਿਚ ਕੁਝ ਅਖੌਤੀ ਅਛੂਤ ਅੰਮ੍ਰਿਤ ਛਕ ਕੇ ਕੜਾਹ ਪ੍ਰਸ਼ਾਦ ਅਤੇ ਮਾਇਆ ਲੈ ਕੇ ਸ਼੍ਰੀ ਹਰਿਮੰਦਰ ਸਾਹਿਬ ਗਏ ਤਾਂ ਮਹੰਤਾਂ ਨੇ ਉਨ੍ਹਾਂ ਦੀ ਅਰਦਾਸ ਕਰਨ ਅਤੇ ਪ੍ਰਸ਼ਾਦ ਲੈਣ ਤੋਂ ਇਨਕਾਰ ਕਰ ਦਿੱਤਾ ਪਰੰਤੂ ਕੁਝ ਜਦੋਂ ਜਹਿਦ ਤੋਂ ਪਿੱਛੋਂ ਸ਼੍ਰੀ ਹਰਿਮੰਦਰ ਸਾਹਿਬ 'ਤੇ ਤਾਂ ਉਨ੍ਹਾਂ ਦੀ ਅਰਦਾਸ ਕਰ ਦਿੱਤੀ ਗਈ ਪਰ ਸ਼੍ਰੀ ਅਕਾਲ ਤਖ਼ਤ ਸਾਹਿਬ 'ਤੇ ਜਦੋਂ ਉਹ ਹਾਜ਼ਰ ਹੋਏ ਤਾਂ ਉਥੋਂ ਦੇ ਪੁਜਾਰੀ ਸੇਵਾ ਛੱਡ ਕੇ ਭੱਜ ਗਏ। ਹਾਜ਼ਰ ਸੰਗਤਾਂ ਵੱਲੋਂ ਫੈਸਲਾ ਕੀਤਾ ਗਿਆ ਕਿ ਸ਼੍ਰੀ ਅਕਾਲ ਤਖ਼ਤ ਸਾਹਿਬ ਸੁੰਨਾ ਨਹੀਂ ਰਹਿਣਾ ਚਾਹੀਦਾ ਇਸ ਲਈ ਸੰਗਤ ਵਿਚੋਂ 25 ਸਿੰਘਾਂ ਦਾ ਇਕ ਜੱਥਾ ਸੇਵਾ ਲਈ ਨਿਯੁਕਤ ਕਰ ਦਿੱਤਾ ਗਿਆ ਅਤੇ ਇਸ ਦੀ ਸੂਚਨਾ ਸਰਬਰਾਹ ਨੂੰ ਦੇ ਦਿੱਤੀ ਗਈ। ਨੱਠੇ ਹੋਏ ਪੁਜਾਰੀ ਸਰਬਰਾਹ ਅਤੇ ਡਿਪਟੀ ਕਮਿਸ਼ਨਰ ਦੇ ਕਹਿਣ 'ਤੇ ਵੀ ਹਾਜ਼ਰ ਨਾ ਹੋਏ। ਜਿਸ 'ਤੇ ਡਿਪਟੀ ਕਮਿਸ਼ਨਰ ਨੇ ਸ਼੍ਰੀ ਦਰਬਾਰ ਸਾਹਿਬ ਅਤੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧ ਲਈ 9 ਸਿੰਘਾਂ ਦੀ ਆਰਜੀ ਕਮੇਟੀ ਬਣਾ ਦਿੱਤੀ।

ਸਮੇਂ ਦੀ ਨਜ਼ਾਕਤ ਸਨਮੁੱਖ ਇਸ ਦੀ ਲੋੜ ਮਹਿਸੂਸ ਕਰਕੇ ਨਵੇਂ ਪ੍ਰਬੰਧਕਾਂ ਨੇ ਸ਼੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕੀਤਾ ਕਿ ਸਾਰਾ ਪੰਥ ਅਜਿਹੀ ਕਮੇਟੀ ਕਾਇਮ ਕਰਨ ਲਈ 15 ਨਵੰਬਰ 1920 ਨੂੰ ਸ਼੍ਰੀ ਅਕਾਲ ਤਖ਼ਤ ਸਾਹਿਬ ਤੇ ਇਕਤੱਰਤ ਹੋਵੇ। 15-16 ਨਵੰਬਰ ਦੀ ਸਾਂਝੀ ਪੰਥਕ ਇਕਤਰਤਾ ਨੇ 175 ਮੈਂਬਰਾਂ ਦੀ ਪ੍ਰਤੀਨਿਧ ਕਮੇਟੀ ਚੁਣੀ ਜਿਸ ਦਾ ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ ਗਿਆ। ਇਸ ਕਮੇਟੀ ਦੀ ਪਹਿਲੀ ਇਕੱਤਰਤਾ 12 ਦਸਬੰਰ 1920 ਨੂੰ ਸ਼੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ। ਇਸ ਇਕੱਤਰਤਾ ਵਿਚ ਅਹੁਦੇਦਾਰਾਂ ਦੀ ਚੋਣ ਕੀਤੀ ਗਈ ਅਤੇ 30 ਅਪ੍ਰੈਲ, 1921 ਨੂੰ ਇਸ ਕਮੇਟੀ ਨੂੰ ਰਜਿਸਟਰਡ ਕਰਵਾਇਆ ਗਿਆ। ਨਿਯਮ ਬਣਨ ਪਿੱਛੋਂ ਇਸ ਕਮੇਟੀ ਦੀ ਨਵੀਂ ਚੋਣ ਜੁਲਾਈ 1921 ਵਿਚ ਕੀਤੀ ਗਈ।

ਗੁਰਦੁਆਰਾ ਸੁਧਾਰ ਕਮੇਟੀ ਨੇ ਬੜੇ ਉਤਸ਼ਾਹ ਨਾਲ ਗੁਰਦੁਆਰਿਆਂ ਦੇ ਸੁਧਾਰ ਦਾ ਕੰਮ ਆਰੰਭਿਆ। ਇਸ ਸੁਧਾਰ ਦੇ ਕੰਮ ਵਿਚ ਅਨੇਕਾਂ ਔਕੜਾਂ ਦਾ ਸਾਹਮਣਾ ਵੀ ਕਰਨਾ ਪਿਆ ਅਤੇ ਕੁਰਬਾਨੀਆਂ ਵੀ ਦੇਣੀਆਂ ਪਈਆਂ। 25 ਜਨਵਰੀ 1921 ਈ ਨੂੰ ਸ਼੍ਰੀ ਤਰਨਤਾਰਨ ਸਾਹਿਬ ਦੇ ਪੁਜਾਰੀਆਂ ਨੇ ਛਵ੍ਹੀਆਂ ਸੋਟਿਆਂ ਨਾਲ ਅਕਾਲੀਆਂ 'ਤੇ ਹਮਲਾ ਕਰ ਦਿੱਤਾ ਜਿਸ ਨਾਲ 17 ਸਿੰਘ ਜ਼ਖਮੀ ਹੋ ਗਏ ਅਤੇ ਭਾਈ ਹਜ਼ਾਰਾ ਸਿੰਘ ਅਤੇ ਭਾਈ ਹੁਕਮ ਸਿੰਘ ਸ਼ਹੀਦੀ ਪਾ ਗਏ।

ਜਨਮ ਅਸਥਾਨ ਸ਼੍ਰੀ ਨਨਕਾਣਾ ਸਾਹਿਬ ਦੇ ਮਹੰਤ ਨਰਾਇਣ ਦਾਸ ਦੀਆਂ ਕੁਰੀਤੀਆਂ ਨੂੰ ਵੇਖ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਇਕੱਤਰਤਾ ਵਿਚ ਮਤਾ ਪਾਸ ਕਰਕੇ ਮਹੰਤ ਤੋਂ ਗੁਰਦੁਆਰਾ ਸਾਹਿਬ ਨੂੰ ਅਜ਼ਾਦ ਕਰਾਉਣ ਦਾ ਫੈਸਲਾ ਕੀਤਾ। 21 ਜਨਵਰੀ 1921 ਨੂੰ 150 ਸਿੰਘਾਂ ਦਾ ਜੱਥਾ ਸ਼੍ਰੀ ਨਨਕਾਣਾ ਸਾਹਿਬ ਲਈ ਰਵਾਨਾ ਹੋਇਆ ਤਾਂ ਕਿ ਮਹੰਤ ਨੂੰ ਸਮਝਾਇਆ ਜਾ ਸਕੇ ਪਰ ਜਦੋਂ ਜਥਾ ਜਨਮ ਅਸਥਾਨ ਤੇ ਪਹੁੰਚਿਆ ਤਾ ਮਹੰਤ ਦੇ ਪਹਿਲਾਂ ਹੀ ਇਕਠੇ ਕੀਤੇ ਹਥਿਆਰਬੰਦ ਗੁੰਡਿਆ ਨੇ ਜੱਥੇ ਉੱਪਰ ਬੜੀ ਬੇਰਹਿਮੀ ਨਾਲ ਗੋਲੀਆਂ ਦੀ ਬੁਛਾਰ ਕਰ ਦਿੱਤੀ ਅਤੇ ਕੁਝ ਸਿੰਘਾਂ ਨੂੰ ਜਿੰਦਾ ਜਲਦੀ ਅੱਗ ਵਿਚ ਸੁੱਟ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਭਿਅੰਕਰ ਦੁਰਘਟਨਾ ਤੋਂ ਬਾਅਦ ਸਰਕਾਰ ਨੇ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿੱਤੀਆਂ।

ਗੁਰਦੁਆਰਾ ਸੁਧਾਰ ਲਹਿਰ ਦੀ ਤੇਜ਼ੀ ਅਤੇ ਸਿੱਖਾਂ ਦੇ ਜਜ਼ਬਾਤਾਂ ਨੂੰ ਦੇਖ ਕੇ ਸਰਕਾਰ ਨੇ ਮਹਿਸੂਸ ਕੀਤਾ ਕਿ ਗੁਰਦੁਆਰਿਆਂ ਦੇ ਪ੍ਰਬੰਧ ਲਈ ਕੋਈ ਕਾਰਵਾਈ ਹੋਣੀ ਚਾਹੀਦੀ ਹੈ। ਅੰਤ ਨੂੰ ਸਿੱਖਾਂ ਦੀ ਬੜੀ ਜਦੋਂ ਜਹਿਦ ਦੇ ਬਾਅਦ 28 ਜੁਲਾਈ 1925 ਈ ਨੂੰ ਗੁਰਦੁਆਰਾ ਐਕਟ 1925 ਪਾਸ ਹੋਇਆ ਅਤੇ ਇਹ ਐਕਟ 1 ਨਵੰਬਰ 1925 ਤੋਂ ਅਮਲ ਵਿਚ ਆ ਗਿਆ।



# ਗੁਰਮਤਿ ਵਿਚ ਬਸੰਤ ਰੁਤ ਦਾ ਮਹੱਤਵ

ਪ੍ਰੋ: ਅੰਮ੍ਰਿਤਪਾਲ ਸਿੰਘ

ਮਾਨਵ-ਜੀਵਨ ਵਿਚ ਰੁਤਾਂ ਦਾ ਆਪਣਾ ਇਕ ਵਿਸ਼ੇਸ਼ ਮਹੱਤਵ ਹੈ। ਇਹ ਰੁੱਤਾਂ ਨਾ ਕੇਵਲ ਮਨੁੱਖ ਦੇ ਰਹਿਣ-ਸਹਿਣ, ਖਾਣ-ਪੀਣ ਤੇ ਹੀ ਪ੍ਰਭਾਵ ਪਾਉਂਦੀਆਂ ਹਨ ਸਗੋਂ ਪਸ਼ੂ-ਪੰਛੀ ਅਤੇ ਵਨਸਪਤੀ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ। ਗੁਰਬਾਣੀ ਅੰਦਰ ਦੋ ਰੁੱਤਾਂ ਵਰਖਾ ਰੁੱਤ ਅਤੇ ਬਸੰਤ ਰੁੱਤ ਨੂੰ ਵਿਸ਼ੇਸ਼ ਤੋਰ ਤੇ ਸਥਾਨ ਦਿੱਤਾ ਗਿਆ ਹੈ। ਵਰਖਾ ਰੁੱਤ ਵਿਚ ਮਨੁੱਖੀ ਮਨ ਆਪਣੇ ਪਿਆਰੇ ਦੇ ਵਿਛੋੜੇ ਦੇ ਦਰਦ ਨੂੰ ਮਹਿਸੂਸ ਕਰਦਾ ਹੈ, ਪਰ ਓਸੇ ਹੀ ਦਰਦ ਵਿਛੋੜੇ ਵਿਚ ਤੜਪ ਕੇ ਆਪਣੇ ਪਿਆਰੇ ਨਾਲ ਜਦੋਂ ਇਕ-ਮਿੱਕ ਹੋ, ਅੰਦਰੋਂ ਬਾਹਰੋਂ ਖਿੜ ਜਾਂਦਾ ਹੈ ਤਾਂ ਇਹ ਮਾਨਸਿਕਤਾ ਬਸੰਤ ਰੁੱਤ ਦਾ ਰੂਪ ਧਾਰ ਜਾਂਦੀ ਹੈ।

ਬਸੰਤ ਦੀ ਰੁੱਤ ਮਾਘੀ ਵਾਲੇ ਦਿਨ ਸ਼ੁਰੂ ਹੁੰਦੀ ਹੈ ਅਤੇ ਹੋਲੇ-ਮੁਹੱਲੇ ਵਾਲੇ ਦਿਨ ਸਮਾਪਤ ਹੋ ਜਾਂਦੀ ਹੈ। ਬਸੰਤ ਅਤੇ ਹੋਲੀ ਦੋਨੋਂ ਇੱਕੋ ਹੀ ਮੌਸਮ ਵਿੱਚ ਆਉਂਦੇ ਹਨ ਅਤੇ ਦੋਨੋਂ ਹੀ ਰੰਗਾਂ ਨਾਲ ਸੰਬੰਧਤ ਤਿਉਹਾਰ ਹਨ। ਬਸੰਤ ਵਿੱਚ ਕੁਦਰਤੀ ਤੌਰ ਤੇ ਰੰਗ ਬਰੰਗੇ ਫੁੱਲ ਖਿੜਦੇ ਹਨ ਅਤੇ ਹੋਲੀ ਵਾਲੇ ਦਿਨ ਲੋਕ ਇਕ ਦੂਸਰੇ ਉਪਰ ਰੰਗ ਪਾ ਕੇ ਖ਼ੁਸ਼ੀ ਮਨਾਉਂਦੇ ਹਨ। ਪਰ ਗੁਰਮਤਿ ਦਾ ਸਿਧਾਂਤ ਹੋਲੀ ਨਾਲੋਂ ਹਟ ਕੇ ਹੋਲਾ ਮਹੱਲਾ ਹੈ। ਜਿਸ ਹੋਲੀ ਦੀ ਗੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਰਦੇ ਹਨ ਉਹ ਹੋਲੀ ਵੀ ਆਤਮਿਕ ਤੌਰ ਤੇ ਹੀ ਖੇਡੀ ਜਾਂਦੀ ਹੈ ਜਿਸ ਬਾਰੇ ਫੁਰਮਾਨ ਹੈ।

**ਹੋਲੀ ਕੀਨੀ ਸੰਤ ਸੇਵ। ।ਰੰਗੁ ਲਾਗਾ ਅਤਿ ਲਾਲ ਦੇਵ। ।**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਸੰਤ ਰਾਗ ਵਿਚ ਦਰਜ ਕੀਤੀ ਗਈ ਬਾਣੀ ਅੰਗ 1168 ਤੋਂ 1196 ਤੇ ਅੰਕਤ ਕੀਤੀ ਹੋਈ ਹੈ ਜਿਸ ਵਿਚ ਬੇਸ਼ਕ ਸੰਗੀਤ ਵਿਧਾਨ ਅਨੁਸਾਰ ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਦਾ ਹੈ ਪਰ ਮਾਘੀ ਤੋਂ ਹੋਲੇ-ਮੁਹੱਲੇ ਤੱਕ ਕਿਸੇ ਵੀ ਸਮੇਂ ਇਸਦਾ ਗਾਯਨ ਕੀਤੀ ਜਾ ਸਕਦਾ ਹੈ। 63 ਚਉਪਦੇ,11 ਅਸ਼ਟਪਦੀਆਂ ਅਤੇ 1 ਵਾਰ ਮ.5 ਦੀ ਅਤੇ ਭਗਤ ਬਾਣੀ ਵਿਚੋਂ: 8 ਸ਼ਬਦ ਕਬੀਰ ਜੀ ਦੇ, 1 ਰਾਮਾਨੰਦ ਜੀ ਦਾ, 3 ਨਾਮਦੇਵ ਜੀ ਦੇ ਅਤੇ 1 ਰਵਿਦਾਸ ਜੀ ਦਾ ਪ੍ਰਾਪਤ ਹੈ।

ਅੱਜ ਦਾ ਮਨੁੱਖ ਭੱਜ ਦੌੜ ਵਾਲੀ ਜਿੰਦਗੀ ਦੇ ਵਿੱਚ ਹਮੇਸ਼ਾਂ ਹੀ ਤਣਾਅਪੂਰਨ, ਖਿੱਝਿਆ ਅਤੇ ਮਾਨਸਿਕ ਪ੍ਰੇਸ਼ਾਨੀ ਕਾਰਨ ਦੁਖੀ ਹੀ ਰਹਿੰਦਾ ਹੈ ਕਿਉਂਕਿ ਉਸ ਨੇ ਤਨ ਨੂੰ ਸੁਖ ਦੇਣ ਵਾਲੇ ਸਾਧਨ ਤਾਂ ਬਹੁਤ ਇੱਕਠੇ ਕਰ ਲਏ ਹਨ ਪਰ ਜਿਸ ਮਾਨਸਿਕ ਸ਼ਾਂਤੀ ਨੇ ਇਸ ਨੂੰ ਸਕੂਨ ਦੇਣਾ ਹੈ ਉਹ ਇਸ ਨੂੰ ਨਹੀਂ ਮਿਲ ਰਹੀ। ਜਿਸ ਕਰਕੇ ਉਸ ਮਨੁੱਖ ਦੇ ਚਿਹਰੇ ਦੇ ਉਪਰ ਪੱਤਝੜ ਛਾਈ ਹੋਈ ਹੈ। ਗੁਰਬਾਣੀ ਮਨੁੱਖ ਨੂੰ ਇਸ ਦਲਦਲ ਵਿਚੋਂ ਕੱਢਣ ਲਈ ਹੀ ਪ੍ਰੇਰਦੀ ਹੈ ਕਿ ਤੂੰ ਇਸ ਪੱਤਝੜ ਵਿੱਚੋਂ ਨਿਕਲ ਕੇ ਬਸੰਤ ਰੁੱਤ ਦਾ ਆਨੰਦ ਮਾਣ। ਇਹ ਬਸੰਤ ਰੁੱਤ ਮਾਨਵ ਜੀਵਨ ਵਿਚ ਕਿਵੇਂ ਪ੍ਰਵੇਸ਼ ਕਰ ਸਕਦੀ ਹੈ ਇਸ ਬਾਰੇ ਗੁਰੂ ਨਾਨਕ ਸਾਹਿਬ ਜੀ ਦਾ ਫੁਰਮਾਨ ਹੈ:

**ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ। । ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ। ।**

ਏਸੇ ਤਰ੍ਹਾਂ ਗੁਰੂ ਅਮਰਦਾਸ ਜੀ ਵੀ ਬਸੰਤੁ ਰੁੱਤ ਬਾਰੇ ਦੱਸਦੇ ਹਨ ਕਿ

**ਬਨਸਪਤਿ ਮਉਲੀ ਚੜਿਆ ਬਸੰਤੁ। । ਇਹੁ ਮਨੁ ਮਉਲਿਆ ਸਤਿਗੁਰੂ ਸੰਗਿ। ।**

ਦਰਅਸਲ ਬਸੰਤ ਦੀ ਰੁੱਤ ਆਉਣ ਕਾਰਨ ਪੂਰੀ ਬਨਸਪਤੀ ਖਿੜ ਜਾਂਦੀ ਹੈ, ਨਵੇਂ ਫੁੱਲ ਮਹਿਕ ਖਿਲਾਰਦੇ ਹਨ। ਕੋਰੇ ਨਾਲ ਸੁੱਕ ਚੁੱਕੇ ਰੁੱਖ ਹਰੇ ਭਰੇ ਹੋ ਜਾਂਦੇ ਹਨ ਅਤੇ ਸਾਰਾ ਵਾਤਾਵਰਣ ਬਹੁਤ ਸੁਹਾਵਣਾ ਹੋ ਜਾਂਦਾ ਹੈ। ਜਿਸ ਤਰ੍ਹਾਂ ਜਿਵੇਂ ਬਸੰਤ ਆਉਣ ਨਾਲ ਹਰ ਪਾਸੇ ਖੁਸ਼ਹਾਲੀ ਹੀ ਪਸਰ ਜਾਂਦੀ ਹੈ, ਉਸ ਤਰ੍ਹਾਂ ਮਾਨਵ ਵੀ ਗੁਰੂ ਦੀ ਮਤ ਦਾ ਅਨੁਸਾਰੀ ਬਣ ਆਪਣਾ ਜੀਵਨ ਖੁਸ਼ਹਾਲ ਬਣਾ ਸਕਦਾ ਹੈ।

ਧਰਮ ਦੀ ਦੁਨੀਆਂ ਦੇ ਅੰਦਰ ਪੰਜ ਵਿਕਾਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਮੰਨੇ ਗਏ ਹਨ। ਕ੍ਰਾਮ, ਕ੍ਰੋਧ, ਲੋਭ, ਮੋਹ ਵੀ ਉਸ ਦੇ ਵੱਸ ਵਿਚ ਆ ਜਾਂਦੇ ਹਨ ਜਦੋਂ ਚਾਰੇ ਹੀ ਵਿਕਾਰ ਇਸ ਮਨੁੱਖ ਦੇ ਅਧੀਨ ਹੋ ਜਾਣ ਤਾਂ ਮਨੁੱਖ ਨੂੰ ਇਸੇ ਗੱਲ ਦਾ ਹੀ ਹੰਕਾਰ ਹੋ ਜਾਂਦਾ ਹੈ ਕਿ ਮੈਂ ਕਾਮ, ਕ੍ਰੋਧ, ਲੋਭ ਤੇ ਮੋਹ ਕਾਬੂ ਕਰ ਲਏ ਹਨ। ਇਸ ਹੰਕਾਰ ਦੇ ਵਿੱਚ ਮਨੁੱਖ ਅੰਨਾ ਹੋ ਜਾਂਦਾ ਹੈ ਇਸੇ ਲਈ ਇਸ ਨੂੰ ਹਉਮੈ ਦੀਰਘ ਰੋਗ ਦੀ ਉਪਾਧੀ ਦਿੱਤੀ ਗਈ ਹੈ। ਜਿੰਨੀ ਦੇਰ ਤੱਕ ਮਨੁੱਖ ਹੰਕਾਰ ਨੂੰ ਕਾਬੂ ਨਹੀਂ ਕਰ ਸਕਦਾ ਉਨੀ ਦੇਰ ਤੱਕ ਉਸ ਦਾ ਮਨ ਪਰਮਾਰਥ ਦੇ ਰਸਤੇ ਉੱਪਰ ਨਹੀਂ ਚੱਲ ਸਕਦਾ। ਇਸੇ ਲਈ ਹੀ ਗੁਰੂ ਅਰਜਨ ਦੇਵ ਪਾਤਸ਼ਾਹ ਬਖ਼ਸ਼ਿਸ਼ ਕਰਦੇ ਹੋਏ ਸਮਝਾਉਦੇ ਹਨ ਕਿ **ਦੇਖ ਫੂਲ ਫੂਲ ਫੂਲੇ। । ਅਹੰ ਤਿਆਗਿ ਤਿਆਗੇ। । ਚਰਨ ਕਮਲ ਪਾਗੇ। । ਤੁਮ ਮਿਲਹੁ ਪ੍ਰਭ ਸਭਾਗੇ। ।**

ਭਗਤ ਰਾਮਾਨੰਦ ਜੀ ਕਹਿੰਦੇ ਹਨ ਕਿ ਮੈਨੂੰ ਹੁਣ ਕਿਸੇ ਵੀ ਵਿਸ਼ੇਸ਼ ਸਥਾਨ ਤੇ ਜਾ ਕੇ ਪਰਮਾਤਮਾ ਦੀ ਭਗਤੀ ਕਰਨ ਦੀ ਲੋੜ ਨਹੀਂ ਹੈ। ਕਿਉਂਕਿ ਮੇਰੇ ਅੰਦਰ ਪ੍ਰੇਮਾ ਭਗਤੀ ਦਾ ਗੂੜਾ ਰੰਗ ਚੜ੍ਹ ਗਿਆ ਹੈ। ਜਿਸ ਦਾ ਸਦਕਾ ਮੈਂ ਜਿਸ ਪਰਮਾਤਮਾ ਨੂੰ ਲੱਭਣ ਦੇ ਲਈ ਜੰਗਲਾਂ ਬੇਲਿਆਂ ਪਹਾੜਾਂ ਦੀਆਂ ਕੰਦਰਾਂ ਵਿਚ ਤੁਰਿਆ ਫਿਰਦਾ ਸਾਂ। ਜਿਸ ਪਰਮਾਤਮਾ ਨੂੰ ਮੈਂ ਆਪਣੇ ਤੋਂ ਵੱਖ ਲੱਭਦਾ ਸਾਂ, ਕਿਸੇ ਵਿਸ਼ੇਸ਼ ਸਥਾਨ ਦੇ ਉਪਰ ਜਾ ਕੇ ਰੱਬ ਨੂੰ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸਾਂ, ਮੇਰੇ ਉੱਪਰ ਕ੍ਰਿਪਾ ਹੋਈ ਤੇ ਮੈਨੂੰ ਨਾਮ ਦਾ ਰੰਗ ਚੜ੍ਹਿਆ। ਗੁਰੂ ਦੀ ਕਿਰਪਾ ਸਦਕਾ ਜੋ ਪਰਮਾਤਮਾ ਮੈਂ ਬਾਹਰ ਲੱਭ ਰਿਹਾ ਸੀ। ਉਹ ਪਰਮਾਤਮਾ ਮੇਰੇ ਅੰਦਰ ਹੀ ਮੈਨੂੰ ਪ੍ਰਾਪਤ ਹੋ ਗਿਆ। ਸੰਸਾਰ ਦੇ ਅੰਦਰ ਬਹੁਤ ਹੀ ਰੰਗ ਰੱਤੀਆਂ ਰੂਹਾਂ ਨੇ ਪਰਮੇਸ਼ਰ ਦੇ ਰੰਗ ਦੇ ਵਿੱਚ ਪਹਿਲੋਂ ਆਪ ਆਨੰਦਿਤ ਹੋ ਕੇ ਫੇਰ ਸੰਸਾਰ ਨੂੰ ਵੀ ਸੇਧ ਦਿੱਤੀ।

ਪੰਜਾਬ ਦੇ ਅੰਦਰ ਬਸੰਤ ਬੜੀ ਧੂਮਧਾਮ ਦੇ ਨਾਲ ਮਨਾਈ ਜਾਂਦੀ ਹੈ, ਪਰ ਛੇਹਰਟਾ ਸਾਹਿਬ ਜ਼ਿਲ੍ਹਾ ਅੰਮ੍ਰਿਤਸਰ ਅਤੇ ਪਟਿਆਲੇ ਵਿਚ ਬਸੰਤ ਦਾ ਇਹ ਤਿਉਹਾਰ ਵਿਸ਼ੇਸ਼ ਤੌਰ ਤੇ ਮਨਾਇਆ ਜਾਂਦਾ ਹੈ। ਲੋਕ ਪੀਲੇ ਰੰਗ ਦੇ ਕੱਪੜੇ ਪਾਉਣੇ ਪਸੰਦ ਕਰਦੇ ਹਨ। ਖੇਤਾਂ ਵਿੱਚ ਵੀ ਸਰ੍ਹੋਂ ਦੇ ਪੀਲੇ ਰੰਗ ਦੇ ਖਿੜੇ ਹੋਏ ਫੁੱਲ ਬੜਾ ਮਨਮੋਹਕ ਦ੍ਰਿਸ਼ ਪੇਸ਼ ਕਰਦੇ ਹਨ। ਬਸੰਤ ਰੁੱਤ ਦੇ ਅੰਦਰ ਕੋਈ ਵੀ ਕੀਰਤਨੀਆਂ ਕਿਸੇ ਵੀ ਰਾਗ ਵਿਚ ਕੀਰਤਨ ਕਿਉਂ ਨਾ ਕਰਦਾ ਹੋਵੇ, ਪਰ ਉਸ ਦੁਆਰਾ ਕੀਤਾ ਗਿਆ ਕੀਰਤਨ ਉਦੋਂ ਤੱਕ ਅਧੂਰਾ ਹੈ ਜਦੋਂ ਤੱਕ ਕਿ ਉਹ ਬਸੰਤ ਕੀ ਵਾਰ ਨਾ ਪੜ੍ਹ ਲਵੇ।

ਬਸੰਤ ਕੀ ਵਾਰ ਮਹਲੁ ੫: **ਹਰਿ ਕਾ ਨਾਮ ਧਿਆਇ ਕੈ ਹੋ ਹਰਿਆ ਭਾਈ। । ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ। । ਵਣ ਤ੍ਰਿਣੁ ਤ੍ਰਿਭਵਣ ਮਉਲਿਆ ਅੰਮ੍ਰਿਤ ਫਲੁ ਪਾਈ। ।**



# ਉਹ ਰੁੱਤ ਬਸੰਤ ਕਹਾਉਂਦੀ ਹੈ



ਜਦ ਮੁਰਝਾਏ ਹੋਏ ਪੱਤਿਆਂ ਨੂੰ ਇਕ ਰੰਗਣ ਜਿਹੀ ਮਿਲ ਜਾਂਦੀ ਹੈ,
ਜਦ ਪਤਝੜ ਵਿੱਚ ਸੁੱਕ ਗਏ ਰੁੱਖਾਂ ਤੇ ਫੁੱਲਾਂ ਦੀ ਬਹਾਰ ਛਾ ਜਾਂਦੀ ਹੈ,
ਉਹ ਰੁੱਤ ਬਸੰਤ ਕਹਾਉਂਦੀ ਹੈ, ਉਹ ਰੁੱਤ ਬਸੰਤ ਕਹਾਉਂਦੀ ਹੈ।
**ਬਾਗ ਹਰੇ ਭਰੇ ਹੋ ਜਾਂਦੇ ਨੇ, ਪੰਛੀ ਵੀ ਚਹਿਚਹਾਉਂਦੇ ਨੇ,**
**ਜਦ ਰੁੱਖਾਂ ਦੇ ਖਿੜੇ ਫੁੱਲ ਦੇਖ ਕੇ,**
**ਮੁੱਖ ਤੇ ਮੁਸਕਾਨ ਆ ਜਾਂਦੀ ਹੈ, ਉਹ ਰੁੱਤ ਬਸੰਤ ਕਹਾਉਂਦੀ ਹੈ, ਉਹ ਰੁੱਤ ਬਸੰਤ ਕਹਾਉਂਦੀ ਹੈ।**
ਮੇਲਿਆਂ 'ਚ ਰੌਣਕ ਲੱਗ ਜਾਂਦੀ ਹੈ, ਹਰ ਮੁਟਿਆਰ ਇਥੇ ਚਾਅ ਨਾਲ ਆਉਂਦੀ ਹੈ ਜਦ ਪੀਲੇ ਕੱਪੜੇ ਪਾ ਕੇ ਹਰ ਥਾਂ ਖੁਸ਼ੀ ਮਨਾਈ ਜਾਂਦੀ ਹੈ, ਉਹ ਰੁੱਤ ਬਸੰਤ ਕਹਾਉਂਦੀ ਹੈ, ਉਹ ਰੁੱਤ ਬਸੰਤ ਕਹਾਉਂਦੀ ਹੈ।
ਮੈਦਾਨਾਂ ਵਿੱਚ ਲੋਕ ਇਕੱਠੇ ਨੇ ਹੁੰਦੇ, ਪਤੰਗਬਾਜ਼ੀ ਦੇ ਨੇ ਮੁਕਾਬਲੇ ਕਰਦੇ, ਜਦ ਇੱਕ-ਦੂਜੇ ਦੀ ਪਤੰਗ ਕੱਟ ਕੇ ਖੁਸ਼ੀ ਮਨਾਈ ਜਾਂਦੀ ਹੈ, ਉਹ ਰੁੱਤ ਬਸੰਤ ਕਹਾਉਂਦੀ ਹੈ, ਉਹ ਰੁੱਤ ਬਸੰਤ ਕਹਾਉਂਦੀ ਹੈ।
ਲੋਕ ਸਵੇਰੇ ਉੱਠ ਕੇ ਗੁਰੂ ਘਰ ਨੇ ਜਾਂਦੇ, ਸੰਗਰਾਂਦ ਦੀਆਂ ਖੁਸ਼ੀਆਂ ਮਨਾਉਂਦੇ, ਜਦ ਹਰਜਸ ਬਾਣੀ ਦਾ ਕੀਰਤਨ ਸੁਣ ਕੇ ਸਭ ਦੀ ਰੂਹ ਖਿੜ ਜਾਂਦੀ ਹੈ,ਉਹ ਰੁੱਤ ਬਸੰਤ ਕਹਾਉਂਦੀ ਹੈ, ਉਹ ਰੁੱਤ ਬਸੰਤ ਕਹਾਉਂਦੀ ਹੈ।
ਅਰਸ਼ ਦੀ ਨਜ਼ਰ ਵਿੱਚ ਤਾਂ ਹਰ ਰੁੱਤ ਅਨੰਦ ਦੇ ਜਾਂਦੀ ਹੈ, ਪਰ ਜਿਹੜੀ ਰੁੱਤ ਸਭ ਦੇ ਮੁੱਖ ਤੇ ਹਾਸੇ ਲੈ ਕੇ ਆਉਂਦੀ ਹੈ, ਉਹ ਰੁੱਤ ਬਸੰਤ ਕਹਾਉਂਦੀ ਹੈ, ਉਹ ਰੱਤ ਬਸੰਤ ਕਹਾਉਂਦੀ ਹੈ।



**ਅਰਸ਼ਦੀਪ ਕੌਰ**
ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ,
ਗੋਲਡਨ ਐਵੀਨਿਊ, ਅੰਮ੍ਰਿਤਸਰ।

# ਵਿਗਿਆਨ

ਵਿਗਿਆਨ ਹੈ ਇੱਕ ਅਨੋਖਾ ਅਜੂਬਾ, ਜਿਸ ਵਿੱਚ ਸਾਰਾ ਜੱਗ ਹੈ ਡੁੱਬਾ। ਇਹ ਨਾ ਹੈ ਕੋਈ ਘੋਲ ਘੁਮੇਰਾ, ਫਿਰ ਵੀ ਹੈ ਸਾਰੇ ਜੱਗ ਤੇ ਇਸਦਾ ਡੇਰਾ। ਦੁਨੀਆ ਵਿਚ ਇਸ ਨੇ ਮਾਣ ਵਧਾਇਆ, ਲੋਕਾਂ ਨੂੰ ਇਸ ਨੇ ਸਫ਼ਲ ਬਣਾਇਆ।
ਨਾ ਇਹ ਵੈਰੀ ਨਾਹੀ ਬੇਗਾਨਾ, ਤਾਹੀ ਇਸਦਾ ਸਾਰੇ ਜੱਗ ਵਿੱਚ ਠਿਕਾਣਾ। ਸਾਰੀ ਦੁਨੀਆ ਇਸ ਦੇ ਅਧੀਨ, ਸਾਰਿਆਂ ਨੂੰ ਇਸ ਤੇ ਯਕੀਨ। ਟੀ.ਵੀ, ਸਕੂਟਰ ਆਦਿ ਇਸ ਦੀ ਖੋਜ਼, ਪਰ ਇਹ ਤਾਂ ਵੀ ਨਹੀ ਕਿਸੇ ਤੇ ਬੋਝ।
ਲੋਕਾਂ ਨੂੰ ਚੰਦ ਤੇ ਪਹੁੰਚਾਇਆ, ਇਹ ਤਾਂ ਹੈ ਵਿਗਿਆਨ ਦੀ ਮੋਹਮਾਇਆ। ਦੁਨੀਆਂ ਵਿੱਚ ਇਸਨੇ ਮਾਣ ਵਧਾਇਆ, ਲੋਕਾਂ ਨੂੰ ਇਸ ਨੇ ਸਫ਼ਲ ਬਣਾਇਆ।



**ਸੁਰਭੀ**
ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ,
ਗੋਲਡਨ ਐਵੀਨਿਊ, ਅੰਮ੍ਰਿਤਸਰ।

## ਚੀਫ਼ ਖ਼ਾਲਸਾ ਦੀਵਾਨ ਦੇ ਹਸਪਤਾਲ ਵਿਖੇ ਲਗਿਆ ਕੋਰੋਨਾ ਬਚਾਅ ਹਿੱਤ ਟੀਕਾਕਰਨ ਕੈਂਪ



ਦੀਵਾਨ ਦੇ ਹਸਪਤਾਲ ਵਿਖੇ ਸਰਕਾਰੀ ਸਿਹਤ ਵਿਭਾਗ ਦੇ ਸਹਿਯੋਗ ਨਾਲ ਕੋਰੋਨਾ ਦੇ ਬਚਾਅ ਹਿੱਤ ਟੀਕਾਕਰਨ ਕੈਂਪ ਲਗਾਇਆ ਗਿਆ। ਚੀਫ਼ ਖ਼ਾਲਸਾ ਦੀਵਾਨ ਪ੍ਰਧਾਨ ਸ੍ਰ.ਨਿਰਮਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਚੀਫ਼ ਖ਼ਾਲਸਾ ਦੀਵਾਨ ਹਸਪਤਾਲ ਦੇ ਮੈਂਬਰ ਇੰਚਾਰਜ ਸ੍ਰ.ਜਸਪਾਲ ਸਿੰਘ ਢਿੱਲੋਂ ਜੋ ਕਿ ਚੀਫ਼ ਖ਼ਾਲਸਾ ਦੀਵਾਨ ਦੇ ਐਡੀਸ਼ਨਲ ਸਕੱਤਰ ਵੀ ਹਨ, ਮੈਂਬਰ ਇੰਚਾਰਜ ਸ੍ਰ.ਆਤਮਜੀਤ ਸਿੰਘ ਬਸਰਾ ਦੀ ਦੇਖ-ਰੇਖ ਹੇਠ ਲਗਾਏ ਗਏ ਇਸ ਟੀਕਾਕਰਨ ਕੈਂਪ ਵਿਚ ਲਗਭਗ 100 ਵਿਅਕਤੀਆਂ ਨੂੰ ਟੀਕਾ ਲਗਾਇਆ ਗਿਆ। ਇਸ ਟੀਕਾਕਰਨ ਕੈਂਪ ਦੌਰਾਨ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਮੈਂਬਰ ਇੰਚਾਰਜ ਚੀਫ਼ ਖ਼ਾਲਸਾ ਦੀਵਾਨ ਮੁੱਖ ਦਫ਼ਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਹਸਪਤਾਲ ਦੇ ਮੈਂਬਰ ਇੰਚਾਰਜ ਸ੍ਰ.ਜਸਪਾਲ ਸਿੰਘ ਢਿੱਲੋਂ ਅਤੇ ਸ੍ਰ.ਆਤਮਜੀਤ ਸਿੰਘ ਬਸਰਾ ਵਿਸ਼ੇਸ਼ ਤੌਰ ਤੇ ਪੁੱਜੇ। ਇਸ ਮੌਕੇ ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ ਨੇ ਕੋਰੋਨਾ ਮਹਾਂਮਾਰੀ ਤੋਂ ਬਚਾਅ ਲਈ ਟੀਕਾਕਰਨ ਸਭ ਤੋਂ ਮਹੱਤਵਪੂਰਨ ਹਥਿਆਰ ਦੱਸਦਿਆ ਕਿਹਾ ਕਿ ਮਾਹਿਰਾਂ ਵਲੋਂ ਕੋਰੋਨਾ ਦੀਆਂ ਹੋਰ ਘਾਤਕ ਲਹਿਰਾਂ ਦੇ ਆਉਣ ਦੀ ਚੇਤਾਵਨੀ ਦਿੱਤੀ ਜਾ ਰਹੀ ਹੈ ਅਤੇ ਫਿਰ ਤੋਂ ਮਰੀਜਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਉਹਨਾਂ ਇਸ ਜਾਨਲੇਵਾ ਮਹਾਂਮਾਰੀ ਨਾਲ ਨਜਿਠਣ ਅਤੇ ਇਸ ਦੀ ਰੋਕਥਾਮ ਲਈ ਟੀਕਾਕਰਣ ਬੇਹੱਦ ਜ਼ਰੂਰੀ ਦੱਸਿਆ। ਉਹਨਾਂ ਨੇ ਕਿਹਾ ਕਿ ਟੀਕਾਕਰਨ ਦੇ ਬਾਵਯੂਦ ਵੀ ਸਾਰਿਆ ਨੂੰ ਸਰਕਾਰ ਵੱਲੋਂ ਬਚਾਅ ਹਿੱਤ ਦਿੱਤੀਆਂ ਗਈਆਂ ਹਦਾਇਤਾਂ ਦਾ ਪਾਲਣ ਕਰਨ ਅਤੇ ਸਾਵਧਾਨੀਆਂ ਵਰਤਣ ਦੀ ਲੋੜ ਹੈ ਤਾਂ ਜੋ ਅਸੀਂ ਸਾਰੇ ਸੁਰੱਖਿਅਤ ਰਹਿ ਸਕੀਏ। ਇਸ ਮੌਕੇ ਉਪਰੋਕਤ ਸ਼ਖਸੀਅਤਾਂ ਤੋਂ ਇਲਾਵਾ ਸ੍ਰ.ਹਰਪ੍ਰੀਤ ਸਿੰਘ, ਡਾ.ਸੈਲਜਾ ਗੁਪਤਾ ਅਤੇ ਅੰਡਰ ਸੈਕਟਰੀ ਸ੍ਰ.ਹਰਭਜਨ ਸਿੰਘ ਵੀ ਹਾਜ਼ਰ ਸਨ।

## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਤਰਨਤਾਰਨ ਦੀਆਂ ਗਤੀ-ਵਿਧੀਆਂ



**ਲੋਹੜੀ ਮਨਾਈ:** ਚੀਫ ਖਾਲਸਾ ਦੀਵਾਨ ਦੀ ਸਰਪ੍ਰਸਤੀ ਹੇਠ ਚੱਲ ਰਹੇ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ, ਤਰਨਤਾਰਨ ਵਿਖੇ ਖੁਸ਼ਹਾਲੀ ਅਤੇ ਖੁਸ਼ਹਾਲੀ ਦਾ ਤਿਉਹਾਰ ਲੋਹੜੀ ਬਹੁਤ ਹੀ ਉਤਸ਼ਾਹ ਅਤੇ ਉਤਸ਼ਾਹ ਨਾਲ ਕੋਵਿਡ ਨਿਯਮਾਂ ਦੀ ਸਹੀ ਢੰਗ ਨਾਲ ਪਾਲਣਾ ਕਰਕੇ ਮਨਾਇਆ ਗਿਆ। ਹਰ ਸਟਾਫ਼ ਮੈਂਬਰ ਨੇ ਇਸ ਵਿੱਚ ਉਤਸ਼ਾਹ ਨਾਲ ਭਾਗ ਲਿਆ । ਲੋਹੜੀ ਦੇ ਤਿਉਹਾਰ ਦੀ ਖੁਸ਼ੀ ਵਿੱਚ ਸਥਾਨਕ ਕਮੇਟੀ ਦੇ ਪ੍ਰਧਾਨ ਅਤੇ ਮੈਂਬਰ ਇੰਚਾਰਜ ਸ. ਹਰਜੀਤ ਸਿੰਘ ਜੀ, ਮੀਤ ਪ੍ਰਧਾਨ ਲੋਕਲ ਕਮੇਟੀ ਅਤੇ ਮੈਂਬਰ ਇੰਚਾਰਜ ਸ. ਗੁਰਿੰਦਰ ਸਿੰਘ ਜੀ ਅਤੇ ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਰਣਜੀਤ ਭਾਟੀਆ ਨੇ ਲੋਹੜੀ ਦੇ ਤਿਉਹਾਰ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ ਉਮੀਦ ਹੈ ਕਿ ਆਉਣ ਵਾਲਾ ਸਾਲ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਜੀਵਨ ਵਿੱਚ ਵੀ ਖੁਸ਼ੀਆਂ ਲੈ ਕੇ ਆਵੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਲੋਹੜੀ ਦਾ ਤਿਉਹਾਰ ਲੋਕਾਂ ਨੂੰ ਪਰਮਾਤਮਾ ਦੇ ਪ੍ਰਬੰਧ ਲਈ ਸ਼ੁਕਰਗੁਜ਼ਾਰ ਹੋਣ ਲਈ ਪ੍ਰੇਰਦਾ ਹੈ ਅਤੇ ਅਧਿਆਪਕਾਂ ਨੂੰ ਵੀ ਸਾਡੇ ਤਿਉਹਾਰਾਂ ਵਿੱਚ ਪਰੰਪਰਾ ਅਤੇ ਸੱਭਿਆਚਾਰ ਨੂੰ ਜਿਉਂਦਾ ਰੱਖਣ ਲਈ ਅਹਿਮ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕੀਤਾ।



**ਟੀਕਾਕਰਨ ਕੈਂਪ ਲਗਾਇਆ:** ਕੋਵਿਡ-19 ਦੀ ਰੋਕਥਾਮ ਨੂੰ ਮੁੱਖ ਰੱਖਦੇ ਹੋਏ ਚੀਫ਼ ਖ਼ਾਲਸਾ ਦੀਵਾਨ ਦੀ ਸਰਪ੍ਰਸਤੀ ਹੇਠ ਚੱਲ ਰਹੇ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ, ਤਰਨਤਾਰਨ ਵਿਖੇ 20 ਜਨਵਰੀ, 2022 ਨੂੰ ਟੀਕਾਕਰਨ ਮੁਹਿੰਮ ਦਾ ਆਯੋਜਨ ਸਥਾਨਕ ਕਮੇਟੀ ਦੇ ਪ੍ਰਧਾਨ ਅਤੇ ਮੈਂਬਰ ਇੰਚਾਰਜ ਸ: ਹਰਜੀਤ ਸਿੰਘ, ਮੀਤ ਪ੍ਰਧਾਨ ਲੋਕਲ ਕਮੇਟੀ ਅਤੇ ਮੈਂਬਰ ਇੰਚਾਰਜ ਸ: ਗੁਰਿੰਦਰ ਸਿੰਘ, ਪ੍ਰਿੰਸੀਪਲ ਸ੍ਰੀਮਤੀ ਰਣਜੀਤ ਭਾਟੀਆ ਵਲੋਂ ਵਿਦਿਆਰਥੀਆਂ ਨੂੰ ਕੋਵਿਡ19 ਦੇ ਉਚਿਤ ਨਿਯਮਾਂ ਅਤੇ ਨਿਯਮਾਂ ਦੀ ਪਾਲਣਾ ਕਰਦਿਆਂ ਪਹਿਲੀ ਖੁਰਾਕ ਨਾਲ ਟੀਕਾਕਰਨ ਕੀਤਾ ਗਿਆ ਇਸ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਸਿਵਲ ਹਸਪਤਾਲ ਦੇ ਡਾਕਟਰਾਂ ਦੀ ਟੀਮ ਬੁਲਾਈ ਗਈ। 15 ਸਾਲ ਤੋਂ ਵੱਧ ਉਮਰ ਦੇ 80 ਦੇ ਕਰੀਬ ਵਿਦਿਆਰਥੀਆਂ ਨੂੰ ਕੋਵਿਡ-19 ਦਾ ਟੀਕਾ ਲਗਾਇਆ ਗਿਆ। ਸਥਾਨਕ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਸ: ਹਰਜੀਤ ਸਿੰਘ, ਮੀਤ ਪ੍ਰਧਾਨ ਲੋਕਲ ਕਮੇਟੀ ਅਤੇ ਮੈਂਬਰ ਇੰਚਾਰਜ ਸ: ਗੁਰਿੰਦਰ ਸਿੰਘ ਨੇ ਦੱਸਿਆ ਕਿ ਸਰਕਾਰ ਦਾ ਇਹ ਉਪਰਾਲਾ ਸ਼ਲਾਘਾਯੋਗ ਹੈ। ਸਕੂਲ ਦੇ ਪ੍ਰਿੰਸੀਪਲ ਨੇ ਕਿਹਾ ਕਿ ਕਰੋਨਾ ਮਹਾਂਮਾਰੀ ਦੇ ਪ੍ਰਕੋਪ ਨੂੰ ਰੋਕਣ ਲਈ ਇਹ ਬਹੁਤ ਮਹੱਤਵਪੂਰਨ ਕਦਮ ਹੈ ਅਤੇ ਹਰੇਕ ਵਿਦਿਆਰਥੀ ਜੋ ਕੇ 15 ਸਾਲ ਤੋਂ ਉੱਪਰ ਹੈ ਅਤੇ ਨਾਲ ਦੀ ਨਾਲ ਆਮ ਲੋਕਾਂ ਨੂੰ ਵੀ ਅਜਿਹੇ ਕੈਂਪਾਂ ਦਾ ਲਾਭ ਉਠਾਉਣਾ ਚਾਹੀਦਾ ਹੈ।

## ਦੀਵਾਨ ਵਲੋਂ ਪਾਕਿਸਤਾਨ ਵਿਖੇ ਸ੍ਰ.ਹਰੀ ਸਿੰਘ ਨਲੂਆ ਦੇ ਬੁੱਤ ਢਾਏ ਜਾਣ ਦੀ ਨਿਖੇਧੀ

ਚੀਫ਼ ਖ਼ਾਲਸਾ ਦੀਵਾਨ ਵੱਲੋਂ ਪਾਕਿਸਤਾਨ ਵਿਖੇ ਖੈਬਰ ਪਖ਼ਤੂਨਵਾ ਸੂਬੇ ਦੇ ਹਰੀਪੁਰ ਜਿਲ੍ਹੇ ਦੇ ਸਿਦੀਕੀ-ਏ-ਅਕਬਰ ਚੌਕ ਤੋਂ ਮਹਾਨ ਸਿੱਖ ਯੋਧੇ ਸ੍ਰ.ਹਰੀ ਸਿੰਘ ਨਲੂਆ ਦਾ ਬੁੱਤ ਹਟਾਏ ਜਾਣ ਦੀ ਨਿਖੇਧੀ ਕੀਤੀ ਗਈ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ੍ਰ.ਨਿਰਮਲ ਸਿੰਘ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਸ਼ਾਸਨਕਾਲ ਵਿਚ ਸਿੱਖ ਖਾਲਸਾ ਸੈਨਾ ਦੇ ਕਮਾਂਡਰ-ਇਨ-ਚੀਫ ਰਹੇ ਸ੍ਰ.ਹਰੀ ਸਿੰਘ ਨਲੂਆ ਖ਼ਾਲਸਾ ਪੰਥ ਨੂੰ ਬੁਲੰਦੀਆਂ ਤੇ ਲਿਜਾਉਣ ਵਾਲਾ ਇਕ ਵਿਲੱਖਣ ਸੂਰਮਾ ਸੀ ਜਿੰਨ੍ਹਾਂ ਨੇ 20 ਪ੍ਰਮੁੱਖ ਇਤਿਹਾਸਕ ਯੁੱਧਾਂ ਦੀ ਕਮਾਨ ਸਾਂਭਦਿਆਂ ਅਨੇਕਾਂ ਖੇਤਰ ਖ਼ਾਲਸਾ ਰਾਜ ਵਿਚ ਸ਼ਾਮਲ ਕੀਤੇ। ਪਾਕਿਸਤਾਨ ਵਿਖੇ ਸਥਾਪਿਤ ਸਿੱਖ ਮਹਾਨ ਯੋਧਾ ਸ੍ਰ.ਹਰੀ ਸਿੰਘ ਨਲੂਆ ਦੀ 8 ਫੁੱਟ ਲੰਬੀ ਪ੍ਰਤਿਮਾ ਖ਼ਾਲਸਾਈ ਸ਼ਾਨ, ਚੜ੍ਹਦੀ ਕਲਾ ਅਤੇ ਖ਼ਾਲਸਾ ਪੰਥ ਦੀ ਵੱਡਮੁੱਲੀਆਂ ਪ੍ਰਾਪਤੀਆਂ ਦਾ ਪ੍ਰਤੀਕ ਹੈ। ਪ੍ਰੰਤੂ ਬਹੁਤ ਦੁੱਖ ਦੀ ਗੱਲ ਹੈ ਕਿ ਸਿੱਖਾਂ ਦੇ ਗੌਰਵਮਈ ਇਤਿਹਾਸ ਦੇ ਸ਼ਾਨਦਾਰ ਸੁਨਹਿਰੀ ਪੰਨਿਆਂ ਨੂੰ ਉਜਾਗਰ ਕਰਨ ਵਾਲੇ ਸਿੱਖ ਜਨਰਲ ਸ੍ਰ.ਹਰੀ ਸਿੰਘ ਨਲੂਆ ਦੇ ਬੁੱਤ ਹਟਾਏ ਜਾਣ ਤੇ ਸਿੱਖਾਂ ਦੀ ਭਾਵਨਾਤਮਕ ਅਤੇ ਕਦਰਾਂ ਕੀਮਤਾਂ ਨੂੰ ਢਾਹ ਲੱਗੀ ਹੈ। ਪ੍ਰਧਾਨ ਸ੍ਰ.ਨਿਰਮਲ ਸਿੰਘ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਮੀਤ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਅਮਰਜੀਤ ਸਿੰਘ ਬਾਂਗਾ ਨੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਪਾਕਿਸਤਾਨ ਪ੍ਰਸ਼ਾਸ਼ਨ ਨੂੰ ਕੱਟੜਪੰਥੀਆਂ ਦੇ ਪ੍ਰਭਾਵ ਹੇਠ ਆ ਕੇ ਸ਼ਹਿਰ ਸੁਧਾਰ ਹਿੱਤ ਕੀਤੇ ਗਏ ਯਤਨਾਂ ਦੌਰਾਨ ਘੱਟ ਗਿਣਤੀ ਨਾਗਰਿਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਖਿਆਲ ਜ਼ਰੂਰ ਰੱਖਣਾ ਚਾਹੀਦਾ ਹੈ ਅਤੇ ਉਹਨਾਂ ਦੇ ਧਾਰਮਿਕ ਸਥਾਨਾਂ ਅਤੇ ਨਿਸ਼ਾਨੀਆਂ ਦੀ ਸਾਂਭ-ਸੰਭਾਲ ਲਈ ਵਿਸ਼ੇਸ਼ ਯਤਨ ਕਰਨੇ ਚਾਹੀਦੇ ਹਨ।



ਖ਼ਬਰਨਾਮਾ

## ਦੀਵਾਨ ਦੇ ਮੈਂਬਰ ਡਾ.ਹਰਦਾਸ ਸਿੰਘ ਦੇ ਦਿਹਾਂਤ ਤੇ ਸ਼ੋਕ



ਚੀਫ਼ ਖ਼ਾਲਸਾ ਦੀਵਾਨ ਦੇ ਅਹੁਦੇਦਾਰਾਂ ਵਲੋਂ ਚੀਫ਼ ਖ਼ਾਲਸਾ ਦੀਵਾਨ ਦੇ ਸਤਿਕਾਰਯੋਗ ਮੈਂਬਰ ਡਾ.ਹਰਦਾਸ ਸਿੰਘ ਜੋ ਕਿ ਹੱਡੀਆਂ ਦੇ ਮਾਹਰ ਸਰਜਨ ਸਨ, ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ੍ਰ.ਨਿਰਮਲ ਸਿੰਘ ਨੇ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਲੰਬੇ ਸਮੇਂ ਤੋਂ ਚੀਫ਼ ਖ਼ਾਲਸਾ ਦੀਵਾਨ ਨਾਲ ਜੁੜੇ ਡਾ.ਹਰਦਾਸ ਸਿੰਘ ਦਾ ਸਦੀਵੀਂ ਵਿਛੋੜਾ ਦੇ ਜਾਣਾ ਬਹੁਤ ਦੁੱਖਦਾਈ ਹੈ। ਉਹਨਾਂ ਨੇ ਕਿਹਾ ਕਿ ਡਾ.ਹਰਦਾਸ ਸਿੰਘ ਇਕ ਕਾਬਿਲ ਡਾਕਟਰ ਸਨ ਜੋ ਕਿ ਚੀਫ਼ ਖ਼ਾਲਸਾ ਦੀਵਾਨ ਹਸਪਤਾਲ ਦੇ ਮੈਂਬਰ ਇੰਚਾਰਜ ਸਨ ਅਤੇ ਹਸਪਤਾਲ ਵਿਖੇ ਉਹਨਾਂ ਓ.ਪੀ.ਡੀ ਵਿਚ ਮਰੀਜ਼ਾਂ ਨੂੰ ਆਪਣਾ ਕੀਮਤੀ ਸਮਾਂ ਦੇ ਕੇ ਲੋਕ ਸੇਵਾ ਵਿਚ ਆਪਣੀ ਅਹਿਮ ਭੂਮਿਕਾ ਨਿਭਾਈ। ਉਹਨਾਂ ਨੇ ਦੱਸਿਆ ਕਿ ਡਾ.ਹਰਦਾਸ ਸਿੰਘ ਵਲੋਂ ਐਸ.ਜੀ.ਪੀ.ਸੀ ਅਧੀਨ ਸੰਚਾਲਿਤ ਸ੍ਰੀ ਗੁਰੂ ਰਾਮਦਾਸ ਹਸਪਤਾਲ ਦੀ ਸਥਾਪਨਾ ਵਿਚ ਵਿਸ਼ੇਸ਼ ਯੋਗਦਾਨ ਦਿੱਤਾ ਗਿਆ ਸੀ। ਇਸ ਮੌਕੇ ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ ਸ੍ਰ:ਨਿਰਮਲ ਸਿੰਘ, ਆਨਰੇਰੀ ਸਕੱਤਰ ਸ੍ਰ:ਸਵਿੰਦਰ ਸਿੰਘ ਕੱਥੂਨੰਗਲ ਅਤੇ ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਮੀਤ ਪ੍ਰਧਾਨ ਡਾ:ਇੰਦਰਬੀਰ ਸਿੰਘ ਨਿੱਜਰ ਨੇ ਡਾ.ਹਰਦਾਸ ਸਿੰਘ ਦੇ ਅਕਾਲ ਚਲਾਣੇ ਤੇ ਸ਼ੋਕ ਪ੍ਰਗਟਾਇਆ ਅਤੇ ਉਹਨਾਂ ਦੇ ਸਦੀਵੀਂ ਵਿਛੋੜੇ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ। ਦੀਵਾਨ ਅਹੁਦੇਦਾਰਾਂ, ਚੀਫ਼ ਖ਼ਾਲਸਾ ਦੀਵਾਨ ਦੇ ਸਮੂਹ ਮੈਂਬਰ ਸਾਹਿਬਾਨ ਅਤੇ ਹਸਪਤਾਲ ਦੇ ਸਟਾਫ ਨੇ ਅਕਾਲ ਪੁਰਖ ਅੱਗੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਿਛੋਂ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ ਦੀ ਅਰਦਾਸ ਕੀਤੀ।

## ਬਾਬਾ ਦੀਪ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਦਾ ਭਗਤਾਂ ਵਾਲੇ ਸਕੂਲ ਵਲੋਂ ਨਿੱਘਾ ਸੁਆਗਤ



ਬਾਬਾ ਦੀਪ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਅਤੇ ਪੰਜ ਪਿਆਰਿਆਂ ਦੀ ਛੱਤਰ ਛਾਇਆ ਹੇਠ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਤੋਂ ਬਾਬਾ ਦੀਪ ਸਿੰਘ ਜੀ ਦੇ ਜਨਮ ਅਸਥਾਨ ਪਹੂਵਿੰਡ ਤੱਕ ਸਜਾਏ ਗਏ ਨਗਰ ਕੀਰਤਨ ਦੇ ਰਸਤੇ ਵਿਚ ਚੀਫ ਖਾਲਸਾ ਦੀਵਾਨ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਪਬਲਿਕ ਸਕੂਲ ਭਗਤਾਂ ਵਾਲੇ ਵਲੋਂ ਨਿੱਘਾ ਸੁਆਗਤ ਕੀਤਾ ਗਿਆ। ਇਸ ਮੌਕੇ ਸਕੂਲ ਦੀ ਬੈਂਡ ਟੀਮ ਨੇ ਬੈਂਡ ਦੀਆਂ ਧੁਨਾਂ ਨਾਲ ਨਗਰ ਕੀਰਤਨ ਦਾ ਸੁਆਗਤ ਕੀਤਾ ਅਤੇ ਸਕੂਲ ਕੀਰਤਨ ਟੀਮ ਵਲੋਂ ਬਾਬਾ ਦੀਪ ਸਿੰਘ ਜੀ ਦੀ ਉਸਤੱਤ ਵਿਚ ਸ਼ਬਦ ਗਾਇਣ ਕਰਕੇ ਗੁਰੂ ਚਰਨਾਂ ਵਿਚ ਸਤਿਕਾਰ ਸਹਿਤ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਚੀਫ ਖਾਲਸਾ ਦੀਵਾਨ ਮੁੱਖ ਦਫਤਰ ਮੈਂਬਰ ਇੰਚਾਰਜ ਸ: ਸੁਖਜਿੰਦਰ ਸਿੰਘ ਪ੍ਰਿੰਸ, ਸਕੂਲ ਮੈਂਬਰ ਇੰਚਾਰਜਾਂ ਵਿਚ ਸ਼ਾਮਲ ਸ: ਗੁਰਪ੍ਰੀਤ ਸਿੰਘ ਸੇਠੀ, ਸ: ਦਰਸ਼ਨ ਸਿੰਘ ਸੁਲਤਾਨਵਿੰਡ, ਸ: ਜਗਜੀਤ ਸਿੰਘ ਅਤੇ ਪ੍ਰਿੰਸੀਪਲ ਮੈਡਮ ਜਸਪਾਲ ਕੌਰ ਦੀ ਅਗੁਵਾਈ ਹੇਠ ਸੁਆਗਤ ਸਮੇਂ ਪੰਜ ਪਿਆਰਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਸਾਹਿਬ ਦੀ ਹਜੂਰੀ ਵਿਚ ਫੁੱਲਮਾਲਾ ਪਾ ਕੇ "ਜੀ ਆਇਆ ਨੂੰ" ਆਖਿਆ ਗਿਆ। ਖਾਲਸਾ ਪੰਥ ਦੀ ਫਤਿਹ ਨਾਲ ਸਾਰਾ ਵਾਤਾਵਰਣ ਗੂੰਜ ਉਠਿਆ ਅਤੇ " ਬੋਲੇ ਸੋ ਨਿਹਾਲ" ਦੀ ਗੂੰਜ ਨੇ ਸਭ ਨੂੰ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਅੱਗੇ ਸ਼ਰਧਾ ਨਾਲ ਨਤਮਸਤਕ ਕਰ ਦਿੱਤਾ। ਇਸ ਮੌਕੇ ਨਗਰ ਕੀਰਤਨ ਵਿਚ ਸ਼ਾਮਲ ਸੰਤ ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ ਅਤੇ ਹੋਰਨਾਂ ਪ੍ਰਮੁਖ ਸ਼ਖਸੀਅਤਾਂ ਨੂੰ ਗੁਰੂ ਸਾਹਿਬ ਦੀ ਬਖਸ਼ਿਸ਼ ਸਿਰੋਪਾਓ ਪਾਕੇ ਸਨਮਾਨਿਤ ਕੀਤਾ ਗਿਆ।



## ਸ੍ਰੀ ਗੁਰੂ ਹਰਿਕ੍ਰਿਸ਼ਨ ਸਕੂਲ ਪੱਟੀ ਵਿਖੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਗੁਰਮਤਿ ਸਮਾਗਮ



ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸਕੈਂਡਰੀ ਪਬਲਿਕ ਸਕੂਲ ਪੱਟੀ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਸ੍ਰੀ ਅਨੰਦਪੁਰ ਸਾਹਿਬ ਤੋਂ ਚਮਕੋਰ ਸਾਹਿਬ ਤੇ ਸਰਹੰਦ ਤੱਕ ਦੇ ਸਮੂਹ ਸ਼ਹੀਦਾਂ, ਸਿੰਘਣੀਆਂ, ਸੂਰਬੀਰ ਯੋਧਿਆਂ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ, ਜਿਸ ਦੀ ਆਰੰਭਤਾ ਸੰਗਤੀ ਰੂਪ ਵਿਚ ਗੁਰਬਾਣੀ ਪਾਠ ਨਾਲ ਕੀਤੀ ਗਈ। ਉਪਰੰਤ ਸੰਗੀਤ ਅਧਿਆਪਕ ਸ੍ਰ.ਗੁਰਭੇਜ ਸਿੰਘ, ਬੀਬੀ ਹਰਪ੍ਰੀਤ ਕੌਰ ਆਦਿ ਵੱਲੋਂ ਗੁਰੂ ਜੀ ਦੀ ਅਲਾਹੀ ਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਗਿਆ। ਇਸ ਤੋਂ ਪਹਿਲਾਂ ਪਹਿਲੀ ਤੋਂ ਪੰਜਵੀਂ ਜਮਾਤ ਦੇ ਬੱਚਿਆਂ ਦਾ ਕਾਵਿ ਕਲਾ ਅਤੇ ਛੇਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦਾ ਦਸਤਾਰ ਮੁਕਾਬਲਾ ਕਰਵਾਇਆ ਗਿਆ। ਇਹਨਾਂ ਮੁਕਾਬਲਿਆਂ ਵਿਚ ਪਹਿਲਾਂ, ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਮੈਰਿਟ ਸਰਟੀਫਿਕੇਟ ਅਤੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਮੈਂਬਰ ਇੰਚਾਰਜ ਸ੍ਰ.ਪਰਮਜੀਤ ਸਿੰਘ ਆਹੂਜਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਗੁਰੂ ਸਾਹਿਬ ਨੂੰ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾਂ ਪਹਾੜੀ ਰਾਜਿਆਂ ਦੀ ਈਰਖਾ ਕਾਰਨ ਛੱਡਣਾ ਪਿਆ ਜੋ ਗੁਰੂ ਸਾਹਿਬ ਨੂੰ ਭੇਂਟ ਕੀਤੀਆਂ ਜਾਂਦੀਆਂ ਭੇਟਾਵਾਂ ਤੋਂ ਦੁੱਖੀ ਸਨ। ਹਾਲਾ ਕਿ ਗੁਰੂ ਸਾਹਿਬ ਨੇ ਕਦੇ ਵੀ ਸੰਗਤਾਂ ਵਲੋਂ ਦਿੱਤੀਆਂ ਭੇਟਾਵਾਂ ਨੂੰ ਨਿੱਜੀ ਹਿੱਤਾਂ ਲਈ ਨਹੀਂ ਸੀ ਵਰਤਿਆ ਅਤੇ ਉਹ ਸੰਗਤਾਂ ਵਿਚ ਹੀ ਸਾਰੀਆਂ ਭੇਟਾਵਾਂ ਵੰਡ ਦਿੰਦੇ ਸਨ। ਸਕੂਲ ਦੇ ਪ੍ਰਿੰਸੀਪਲ ਸ੍ਰ.ਹਰਜੀਤ ਸਿੰਘ ਨੇ ਕਿਹਾ ਕਿ ਗੁਰਬਾਣੀ ਦੀ ਸਭ ਤੋਂ ਵੱਡੀ ਕਰਾਮਾਤ ਹੈ ਕਿ ਛੋਟੀ ਉਮਰ ਵਿਚ ਹੀ ਸਾਹਿਬਜ਼ਾਦਿਆਂ ਨੇ ਵੱਡੇ ਸਾਕੇ ਕਰ ਵਿਖਾਏ ਜਿਸ ਦੀ ਦੁਨੀਆਂ ਵਿਚ ਕੋਈ ਮਿਸਾਲ ਨਹੀਂ ਮਿਲਦੀ।



Postal No. L-I/PB-ASR/0220/2022-2024

# ਬਨਸਪਤਿ ਮਉਲੀ ਚੜਿਆ ਬਸੰਤੁ।।
# ਇਹੁ ਮਨੁ ਮਉਲਿਆ ਸਤਿਗੁਰੂ ਸੰਗਿ।।



Regd-RNI-64/57 ISSN - 2454-6488
ਪ੍ਰਕਾਸ਼ਕ ਤੇ ਛਾਪਕ ਸ. ਭਾਗ ਸਿੰਘ ਅਣਖੀ ਨੇ ਪ੍ਰਿੰਟਵੈਲ ਅੰਮ੍ਰਿਤਸਰ ਤੋਂ ਛਪਵਾ ਕੇ ਖ਼ਾਲਸਾ ਟ੍ਰੈਕਟ ਸੁਸਾਇਟੀ, ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਤੋਂ 10-02-2022 ਨੂੰ ਜਾਰੀ ਕੀਤਾ ।